# *ਜਿਬਰਾਏਲ ਦੀ ਦਾਨੀਏਲ ਨਾਲ ਮੁਲਾਕਾਤ ਦਾ ਛੇ ਪੱਖੀ ਉਦੇਸ਼*

…ਪਰ ਅੱਜ ਸਵੇਰੇ, ਸਾਡੇ ਛੋਟੇ ਕਿਸ਼ੋਰਾਂ ਤੇ ਬਹੁਤ ਹੈਰਾਨੀ ਹੋਈ, ਛੋਟੇ, ਤੁਸੀਂ ਜਾਣਦੇ ਹੋ, ਛੋਟੇ .ਫ਼ੇਫ਼ੇ ਅਤੇ *ਫੀਫੀ*, ਛੋਟੇ, ਉਹ, ਤੁਸੀਂ ਜਾਂਦੇ ਹੋ, *ਸੋਲ੍ਹਾਂ*। ਅਤੇ ਉਹ ਗਿਰਜਾਘਰ ਵਿੱਚ ਆਉਂਦੀਆਂ ਹਨ, ਤੁਸੀਂ ਜਾਣਦੇ ਹੋ, ਲਗਭਗ, ਛੋਟੀਆਂ ਕੁੜੀਆਂ, ਲਗਭਗ ਉਸ ਉਮਰ ਦੀਆਂ, ਉਹ ਸੁੰਦਰ ਦਿਖਣਾ ਚਾਹੁੰਦੀਆਂ ਹਨ, ਤੁਸੀਂ ਜਾਣਦੇ ਹੋ, ਉਨ੍ਹਾਂ ਦੇ, ਤੁਸੀਂ ਜਾਣਦੇ ਹੋ, ਉਨ੍ਹਾਂ ਆਪਣੇ ਸਾਰੇ ਵਾਲ ਘੁੰਮਾ ਕੇ ਸਿਰ ਦੇ ਉੱਪਰ ਇਕੱਠੇ ਕੀਤੇ ਹੋਏ ਸਨ; ਮੈਂ ਉਹਨਾਂ ਤੇ ਗੌਰ ਕੀਤਾ, ਜਦੋਂ ਮੈਂ ਪ੍ਰਚਾਰ ਕਰ ਰਿਹਾ ਸੀ, ਉਹ ਲਗਾਤਾਰ ਢਿੱਲੇ ਪੈਂਦੇ ਗਏ, ਢਿੱਲੇ ਪੈਂਦੇ ਗਏ, ਅਤੇ ਕੁਝ ਸਮੇਂ ਬਾਅਦ, ਉਹ ਆਪਣੇ ਮੂੰਹ ਤੋਂ ਵਾਲਾਂ ਨੂੰ ਫੂਕ ਮਾਰ ਕੇ ਉਡਾ ਰਹੀਆਂ ਸਨ, ਸਾਰੇ ਘੁੰਘਰਾਲੇ ਵਾਲ ਸਿੱਧੇ ਹੋ ਗਏ ਸਨ।

2 ਭੈਣ ਡਾਊਨਿੰਗ ਦੀ ਛੋਟੀ ਕੁੜੀ, ਅਤੇ—ਅਤੇ ਮੈਂ ਉਸ ਤੇ ਗੌਰ ਕੀਤਾ। ਅਤੇ ਛੋਟੀ—ਛੋਟੀ—ਛੋਟੀ…ਭਾਈ ਕੋਲਿਨਸ ਦੀ ਛੋਟੀ…ਉਸਦਾ ਨਾਮ ਕੀ ਹੈ? ਛੋਟੀ…[ਇੱਕ ਭਾਈ ਕਹਿੰਦਾ ਹੈ, "ਬੈਟੀ।"—ਸੰਪਾ.] ਬੈਟੀ, ਛੋਟੀ ਬੈਟੀ। ਮੈਂ ਬਸ ਆਪਣੇ ਆਪ ਵਿੱਚ, ਥੋੜ੍ਹਾ ਜਿਹਾ ਹੱਸਿਆ। ਪਰ ਮੈਂ ਸਾਰੇ ਸੁੰਦਰ ਦੇਖੇ, ਤੁਸੀਂ ਜਾਣਦੇ ਹੋ, ਸਾਰੇ ਤਿਆਰ ਸਨ, ਅਤੇ ਫਿਰ ਸਿੱਧਾ ਇਹ…

3 ਖੈਰ, ਪ੍ਰਭੂ ਤੁਹਾਡੇ ਦਿਲਾਂ ਨੂੰ ਆਸ਼ੀਸ ਮਿਲੇ, ਪਿਆਰੀ, ਤੁਸੀਂ ਮੇਰੇ ਲਈ, ਤਾਂ ਸੋਹਣੀਆਂ ਹੀ ਹੋ। ਬਿਲਕੁਲ ਠੀਕ। *ਸੋਹਣਾ* ਹੈ, ਸੋਹਣਾ ਹੈ ਉਹ ਆਤਮਾ ਜੋ ਅਜਿਹੀਆਂ ਸਭਾਵਾਂ ਵਿੱਚ ਆਉਂਦਾ ਹੈ ਅਤੇ ਬੈਠਦਾ ਹੈ, ਸੁਸਮਾਚਾਰ ਨੂੰ ਸੁਣਦਾ ਹੈ। ਇਹੀ ਗੱਲ ਕਿਸੇ ਲੜਕੀ ਨੂੰ ਸੋਹਣੀ ਬਣਾਉਂਦੀ ਹੈ। ਅਤੇ ਮੈਂ ਸੋਚਦਾ ਹਾਂ ਕਿ ਕੋਈ ਵੀ ਅਸਲ ਲੜਕਾ, ਜੋ ਵਿਆਹ ਦੇ ਲਾਇਕ ਹੈ, ਉਹ ਵੀ ਇਹੀ ਗੱਲ ਸੋਚਦਾ ਹੈ। [ਭਾਈ ਨੇਵਿਲ ਕਹਿੰਦੇ ਹਨ, "ਆਮੀਨ।"—ਸੰਪਾ.] ਤੁਹਾਡਾ ਧੰਨਵਾਦ, ਸ਼੍ਰੀ ਮਾਨ। ਇਹ ਚੰਗੀ ਗੱਲ ਹੈ। ਕਿਸੇ ਨੇ ਤਾਂ ਮੇਰੀ ਗੱਲ ਨਾਲ ਸਹਿਮਤੀ ਜਤਾਈ ਹੈ। ਇਹ, ਇਹ ਬਿਲਕੁਲ ਠੀਕ ਹੈ। ਠੀਕ ਹੈ। ਮੈਂ ਮੰਨਦਾ ਹਾਂ ਕਿ ਇਹ ਸੱਚ ਹੈ।

4 ਹੁਣ, ਕੀ ਇਹ ਅਜੀਬ ਨਹੀਂ ਹੈ? ਜਦੋਂ ਮੈਂ ਆਪਣੀ ਬਾਈਬਲ ਖੋਲੀ, ਤਾਂ ਮੈਂ ਸਿੱਧਾ ਦਾਨੀਏਲ 9 ਉੱਤੇ ਹੀ ਆ ਗਿਆ। ਹੁਣ, ਮੈਂ ਆਮ ਤੌਰ ਤੇ ਹਰ ਕਿਸੇ ਨੂੰ ਕਹਿੰਦਾ ਹਾਂ, ਕਿ ਆਪਣਾ ਕੋਟ ਨਾ ਉਤਾਰੋ, ਜਿਸ ਦੀ ਕਮੀਜ਼ ਵਿੱਚ

ਛੇਦ ਹੋਵੇ, ਇਸ ਲਈ ਮੈਂ ਆਸ ਕਰਦਾ ਹਾਂ ਕਿ ਮੇਰੀ ਵਿੱਚ ਨਾ ਹੋਵੇ। ਪਰ—ਪਰ ਮੈਂ ਉਹ ਸਮੇਂ ਵੇਖੇ ਹਨ ਜਦੋਂ ਮੈਂ ਕੋਟ ਨਹੀਂ ਉਤਾਰ ਸਕਦਾ ਸੀ, ਕਿਉਂਕਿ ਕਮੀਜ਼ ਵਿੱਚ ਸੱਚਮੁੱਚ, ਛੇਦ ਹੁੰਦਾ ਸੀ। ਅਤੇ ਮੇਰਾ ਖ਼ਿਆਲ ਹੈ ਇਸ ਵਾਲੀ ਵਿੱਚ ਨਹੀਂ ਹੈ।

5 ਹੁਣ, ਔਹ, ਮੇਰੇ ਲਈ ਤਾਂ, ਅਸੀਂ…ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਸ਼ਰੋਤਿਆਂ ਲਈ ਵੀ, ਅਸੀਂ ਇਸ ਸਵੇਰੇ ਪਵਿੱਤਰ ਆਤਮਾ ਦੀ ਹਜ਼ੂਰੀ ਦੀ ਕਦਰ ਕਰਦੇ ਹਾਂ।

ਅਤੇ ਅਸੀਂ ਇਕ ਦੂਜੇ ਦੀ ਸੰਗਤੀ ਅਤੇ ਹਾਜ਼ਰੀ ਦੀ ਵੀ ਕਦਰ ਕਰਦੇ ਹਾਂ। "ਕਿੰਨਾ ਮਿੱਠਾ, ਕਿੰਨਾ ਚੰਗਾ, ਕਿੰਨਾ ਸੁਹਾਵਣਾ ਹੈ, ਜਦੋਂ ਭਾਈ ਏਕਤਾ ਵਿੱਚ ਇਕੱਠੇ ਰਹਿੰਦੇ ਹਨ। ਇਹ ਉਸ ਬਹੁਮੁੱਲੇ ਮਸਹ ਕਰਨ ਵਾਲੇ ਤੇਲ ਵਾਂਗ ਹੈ ਜੋ ਹਰੂਨ ਦੀ ਦਾੜ੍ਹੀ ਤੋਂ ਚੋਇਆ, ਉਸ ਦੀ ਪੁਸ਼ਾਕ ਦੀ ਕੋਰ ਤੀਕ ਪੁੱਜਿਆ।"

6 ਮੈਂ ਅੱਜ ਬਲੂ ਬੋਅਰ ਵਾਲਿਆਂ ਕੋਲ ਖਾਣਾ ਖਾਣ ਲਈ ਗਿਆ ਸੀ, ਅਤੇ ਉੱਥੇ ਮੈਂ ਕਿਸ ਨਾਲ ਮਿਲਿਆ ਹੋਰ ਕਿਸੇ ਨਾਲ ਨਹੀਂ ਪਰ ਭਾਈ ਬਿਲ ਇੱਥੇ, ਅਤੇ ਭੈਣ ਡਾਊ ਉੱਥੇ ਬੈਠੇ ਹੋਏ ਸਨ, ਬਸ—ਬਸ ਬੜੇ ਹੀ ਸੁੰਦਰ ਦਿੱਖਣ ਵਾਲੇ, ਤਲੇ ਹੋਏ ਮੁਰਗੇ ਨੂੰ ਖਾ ਰਹੇ ਸਨ ਜੋ ਮੈਂ ਕਦੇ ਵੇਖਿਆ ਸੀ, ਅਤੇ ਬਹੁਤ ਵਧੀਆ ਸਮਾਂ ਬਿਤਾ ਰਹੇ ਸਨ, ਇਹ ਕਰਦੇ ਹੋਏ ਉਹਨਾਂ ਦਾ ਪਸੀਨਾ ਵੀ ਨਿਕਲ ਰਿਹਾ ਸੀ, ਤੁਸੀਂ ਜਾਣਦੇ ਹੋ। ਫਿਰ ਉੱਪਰ ਗਿਆ ਤੇ ਉੱਥੇ ਕਲੀਸਿਆ ਦਾ ਵੱਡਾ ਹਿੱਸਾ ਮਿਲਿਆ, ਅਤੇ ਉਹ ਤਾਂ ਮੇਰੇ ਰਾਤ ਦੇ ਭੋਜਨ ਦੇ ਲਈ ਵੀ ਪੈਸੇ ਦੇਣਾ ਚਾਹੁੰਦੇ ਸਨ। ਹੁਣ, ਇਹ ਬਹੁਤ ਹੀ ਵਧੀਆ ਸੀ, ਮੈਂ ਇਸ ਦੀ ਕਦਰ ਕਰਦਾ ਹਾਂ।

7 ਜਦੋਂ ਮੈਂ ਘਰ ਆਇਆ, ਬਿੱਲੀ ਇੱਕ ਟਮਾਟਰਾਂ ਦਾ ਡੱਬਾ ਲੈ ਆਇਆ, ਜੋ ਕਿਸੇ ਨੇ ਮੇਰੇ ਲਈ ਲਿਆਂਦੇ ਸਨ, ਸਿੱਧੇ ਉਸ ਸੁੰਦਰ, ਠੰਢੇ ਰਾਜ ਜਾਰਜੀਆ ਤੋਂ, ਜਿੱਥੇ ਉਹ ਮੈਨੂੰ ਦੱਸਦੇ ਹਨ, ਇਸ ਸਮੇਂ, ਬਹੁਤ ਹੀ ਠੰਢ ਪੈਂਦੀ ਹੈ।

8 ਫਿਰ, ਬਾਹਰ ਇੱਕ ਛੋਟੇ ਲੜਕੇ ਨਾਲ ਮਿਲਿਆ। ਮੈਂ ਦੁਪਹਿਰ ਨੂੰ ਆਪਣੀਆਂ ਨਿਜੀ ਮੁਲਾਕਾਤਾਂ ਤੋਂ ਆ ਰਿਹਾ ਸੀ, ਅਤੇ ਲਗਭਗ ਇਕ ਡੇਢ ਘੰਟਾ ਪਹਿਲਾਂ ਕਲੀਸਿਯਾ ਦੇ ਕੋਲ ਆਇਆ ਸੀ, ਅਤੇ ਉਹ ਛੋਟਾ…ਬਸ ਇੱਕ ਜਵਾਨ ਜਿਹਾ ਲੜਕਾ, ਬਾਹਰ ਸੀ, ਉਸਨੇ ਕਿਹਾ…ਮੈਂ ਕਿਹਾ, "ਗਰਮੀ ਹੈ।"

ਉਸਨੇ ਕਿਹਾ, "ਹਾਂ, ਇਹ *ਬਿਲਕੁਲ* ਹੈ!" ਮੈਂ ਜਾਣਿਆ ਕਿ ਉਹ ਜਾਰਜੀਆ ਤੋਂ ਹੈ, ਤਾਂ ਉਸਨੇ ਕਿਹਾ ਸੀ, "ਯਕੀਨਣ ਜਾਰਜੀਆ ਵਿੱਚ ਗਰਮੀ ਹੈ!"

9 ਖੈਰ, ਅਸੀਂ ਇਸ ਤੋਂ ਵੀ ਗਰਮ ਜਗ੍ਹਾ ਤੋਂ ਬੱਚਣ ਦੀ ਕੋਸ਼ਿਸ਼ ਕਰ ਰਹੇ ਹਾਂ, ਹੈ ਨਾ? ਇਸੇ ਲਈ ਅਸੀਂ ਇੱਥੇ ਹਾਂ।

10 ਤੁਹਾਡਾ ਬਹੁਤ-ਬਹੁਤ ਧੰਨਵਾਦ, ਦੋਸਤੋ, ਤੁਹਾਡੀ ਸਾਰੀ ਮਿਹਰਬਾਨੀ ਲਈ। ਮੈਂ ਤੁਹਾਡੇ ਬਿਨਾਂ ਕੀ ਕਰਦਾ? ਮੈਂ ਤੁਹਾਡੇ ਬਿਨਾਂ ਕੀ—ਕੀ ਕਰਦਾ? ਜੇ ਮੈਨੂੰ ਕੋਈ ਪਿਆਰ ਕਰਨ ਵਾਲਾ ਨਾ ਹੋਵੇ, ਕੋਈ ਮੇਰੇ ਸੰਦੇਸ਼ ਨੂੰ ਸੁਣਨ ਵਾਲਾ ਨਾ ਹੋਵੇ, ਤਾਂ ਮੇਰਾ ਸਾਰਾ ਸੰਦੇਸ਼ ਕਿਸੇ ਕੰਮ ਦਾ ਨਹੀਂ। ਮੈਂ ਇਸ ਦਾ ਪ੍ਰਚਾਰ ਟੈਲੀਫੋਨ ਦੇ ਖੰਭਿਆਂ ਅਤੇ ਦਰੱਖਤਾਂ ਨੂੰ ਨਹੀਂ ਸੁਣਾ ਸਕਦਾ। ਉਹ ਇਸ ਨੂੰ ਨਹੀਂ ਸਮਝ ਸਕਦੇ। ਇਸ ਲਈ, ਇਹ ਤੁਹਾਡੇ ਵਰਗੇ ਲੋਕਾਂ ਲਈ ਹੈ ਜੋ ਆ ਕੇ ਇਸ ਨੂੰ ਸੁਣਦੇ ਹਨ। ਅਤੇ ਜਦੋਂ ਤੁਸੀਂ ਆਉਂਦੇ ਹੋ ਅਤੇ ਇਸ ਤਰ੍ਹਾਂ ਦੀ ਗਰਮ ਥਾਂ ਤੇ ਬੈਠਦੇ ਹੋ, ਅਤੇ ਇਹ...ਮੇਰੀ ਪਤਨੀ ਨੇ ਕਿਹਾ ਕਿ ਅੱਜ ਸਵੇਰੇ, ਉਹ ਇੱਥੇ ਬੈਠ ਕੇ ਜਿਵੇਂ ਸੜ ਹੀ ਗਈ ਸੀ। ਅਤੇ ਲੋਕਾਂ ਨੂੰ ਦੇਖਣਾ, ਕਈ ਵਾਰੀ ਬੀਮਾਰ ਲੋਕਾਂ ਨੂੰ, ਜੋ ਇਸ ਤਰ੍ਹਾਂ ਦੀਆਂ ਸਭਾਵਾਂ ਵਿੱਚ ਬੈਠਦੇ ਹਨ, ਪਰਮੇਸ਼ੁਰ ਤੁਹਾਨੂੰ ਮਹਿਮਾ ਵਿੱਚ ਇੱਕ—ਇੱਕ ਸੁੰਦਰ, ਪਿਆਰਾ ਘਰ ਦਵੇ, ਇਹ ਮੇਰੀ ਪ੍ਰਾਰਥਨਾ ਹੈ। ਅਤੇ ਮੈਨੂੰ ਉਮੀਦ ਹੈ ਅਤੇ ਭਰੋਸਾ ਹੈ ਕਿ ਉਹ ਅਜਿਹਾ ਕਰੇਗਾ।

11 ਹੁਣ, ਆਓ ਵੇਖੀਏ। ਮੇਰਾ ਕੋਟ, ਕਿਸੇ ਨੇ ਇਸ ਨੂੰ ਇੱਥੋਂ ਲੈ ਲਿਆ ਹੈ। ਅਤੇ ਅੱਜ ਰਾਤ ਮੈਨੂੰ ਥੋੜਾ ਜਿਹਾ ਪੜ੍ਹਨਾ ਪੈਣਾ ਹੈ। ਕਿੰਨੇ ਲੋਕ ਇਸਦੇ ਪਹਿਲੇ ਹਿੱਸਿਆਂ ਦਾ ਆਨੰਦ ਲੈ ਰਹੇ ਹਨ? [ਸਭਾ ਕਹਿੰਦੀ ਹੈ, "ਆਮੀਨ।"—ਸੰਪਾ.] ਔਹ, ਜੇ ਇੱਥੇ ਇੰਨੀ ਗਰਮੀ ਨਾ ਹੁੰਦੀ, ਤਾਂ ਅਸੀਂ ਪੂਰਾ ਹਫਤਾ ਭਰ, ਇਸੇ ਤਰ੍ਹਾਂ ਜਾਰੀ ਰੱਖਦੇ, ਪਰਕਾਸ਼ ਦੀ ਪੋਥੀ ਦੇ—ਦੇ ਨਾਲ। ਮੈਂ ਬਸ ਇਸਨੂੰ ਪਿਆਰ ਕਰਦਾ ਹਾਂ। ਮੈਂ ਬਸ ਇਸ ਵਿੱਚ ਹੀ ਜਿਉਂਦਾ ਹਾਂ। ਅਤੇ ਇਸ ਹਫ਼ਤੇ, ਤੁਸੀਂ ਮੇਰੇ ਲਈ, ਪ੍ਰਾਰਥਨਾ ਕਰੋ, ਕਿਉਂਕਿ ਅਗਲੇ ਐਤਵਾਰ ਮੈਂ...ਜੇ ਪ੍ਰਭੂ ਦੀ ਇੱਛਾ ਹੋਈ, ਤਾਂ ਮੈਨੂੰ ਉਨ੍ਹਾਂ ਸਾਤਿਆਂ ਨੂੰ ਇਕੱਠੇ ਰੱਖ ਕੇ, ਇਸ ਨੂੰ ਪੂਰਾ ਕਰਨਾ ਪਵੇਗਾ। ਅਤੇ ਇਹ ਕੁਝ ਅਜਿਹਾ ਹੈ ਜਿਸ ਬਾਰੇ ਮੈਨੂੰ ਕੁਝ ਵੀ ਨਹੀਂ ਪਤਾ। ਇਸ ਲਈ, ਮੈਂ ਸਿਰਫ਼ ਪ੍ਰਭੂ ਤੇ ਭਰੋਸਾ ਕਰਾਂਗਾ ਕਿ ਉਸ ਕੋਲ ਮੇਰੇ ਲਈ ਜਵਾਬ ਹੋਵੇਗਾ।

12 ਅਤੇ ਮੈਂ—ਮੈਂ ਕਈ ਵੱਖ-ਵੱਖ ਲੋਕਾਂ ਨੂੰ ਪੜ੍ਹਿਆ ਹੈ ਜੋ—ਜੋ ਇਸ ਬਾਰੇ ਬੋਲ ਚੁੱਕੇ ਹਨ, ਜੋ ਇਸ ਬਾਰੇ ਲਿਖ ਚੁੱਕੇ ਹਨ। ਮੈਂ ਇੱਥੇ ਡਾ. ਸਕੋਫੀਲਡ ਦੀਆਂ ਪੰਨੇ ਦੇ ਹੇਠਲੀਆਂ ਟਿੱਪਣੀਆਂ ਵੀ ਪੜ੍ਹੀਆਂ ਹਨ, ਉਹ ਇੱਕ ਮਹਾਨ ਵਿਦਵਾਨ ਹੈ, ਪਰ ਯਕੀਨਨ ਮੈਂ ਉਸਦੀਆਂ ਕਈ ਟਿੱਪਣੀਆਂ ਤੇ ਉਸ ਨਾਲ ਸਹਿਮਤ ਨਹੀਂ ਹੋ ਸਕਿਆ, ਕਿਉਂਕਿ ਮੈਂ ਇਸ ਨੂੰ ਸਮਝ ਨਹੀਂ ਸਕਿਆ। ਜਿੱਥੇ...ਇਸਨੂੰ—ਇਸਨੂੰ ਸਹੀ ਤਸਵੀਰ ਬਣਾਉਣੀ ਹੀ ਪਵੇਗੀ।

13 ਹੁਣ, ਜੇ ਤੁਸੀਂ ਕਿਸੇ ਟੇਢੀ ਮੇਢੀ ਪਹੇਲੀ ਨੂੰ ਸੁਲਝਾਉਣ ਦੀ ਕੋਸ਼ਿਸ ਕਰ ਰਹੇ ਹੋਵੋ, ਅਤੇ ਸਭ ਤੋਂ ਪਹਿਲਾਂ, ਤੁਸੀਂ ਜਾਣਦੇ ਹੋ, ਤੁਸੀਂ ਕਹੋਗੇ, "ਔਹ, ਇਹ *ਇੱਥੇ* ਜਾਵੇਗੀ। ਨਹੀਂ, ਮੈਨੂੰ ਪੱਕਾ ਲੱਗਦਾ ਹੈ ਇਹ *ਇੱਥੇ* ਜਾਵੇਗੀ।" ਖੈਰ, ਤੁਹਾਨੂੰ ਆਪਣੇ ਤਰੀਕੇ ਵੱਲ ਵੇਖਣਾ ਪਵੇਗਾ, ਦੇਖਣ ਲਈ ਕਿ ਤੁਸੀਂ ਕੀ ਕਰ ਰਹੇ ਹੋ। ਅਤੇ ਜੇ ਤੁਸੀਂ—ਜੇ ਤੁਸੀਂ ਨਹੀਂ ਦੇਖਦੇ, ਤਾਂ ਤੁਸੀਂ ਆਪਣਾ ਦ੍ਰਿਸ਼ ਸਾਰਾ ਉਲਝਾ ਬੈਠੋਗੇ।

14 ਹੁਣ ਜੇ ਤੁਸੀਂ ਲੈਂਦੇ...ਜੇ ਤੁਹਾਡੇ ਕੋਲ ਇਕ ਵੱਡੇ, ਸੁੰਦਰ ਪੇਂਡੂ ਇਲਾਕੇ ਦੀ ਤਸਵੀਰੀ ਹੁੰਦੀ, ਅਤੇ ਇੱਕ ਗਾਂ ਰੁੱਖ ਦੇ ਚੋਟੀ ਤੋਂ ਘਾਹ ਚੁਗ ਰਹੀ ਹੁੰਦੀ? ਹੁਣ, ਇਹ ਸਹੀ ਨਹੀਂ ਹੋਵੇਗਾ (ਕੀ ਇਹ ਹੋਵੇਗਾ?), ਕਿਉਂਕਿ ਉਹ ਰੁੱਖ ਦੇ ਉੱਪਰੋਂ ਘਾਹ ਨਹੀਂ ਚੁਗਦੀ। ਇਸ ਲਈ, ਤੁਹਾਡੇ ਨਾਲ ਵੀ ਇਸੇ ਤਰ੍ਹਾਂ ਹੈ ਜੇ, ਤੁਸੀਂ, ਜੇ ਪਵਿੱਤਰ ਆਤਮਾ ਲਿਖਤਾਂ ਨੂੰ ਇਕੱਠੀਆਂ ਨਹੀਂ ਰੱਖਦਾ। ਫਿਰ, ਛੁਟਕਾਰੇ ਦੀ ਮਹਾਨ, ਸੰਪੂਰਣ ਤਸਵੀਰੀ ਹੁੰਦੀ ਹੈ। ਇਹੀ ਤਾਂ ਅਸੀਂ ਚਾਹੁੰਦੇ ਹਾਂ, ਸੱਚਾਈ। ਅਤੇ ਜਦ ਤੱਕ ਅਸੀਂ ਸੱਚਾਈ ਨੂੰ ਨਹੀਂ ਜਾਣਦੇ, ਤਦ ਤਕ ਅਸੀਂ ਉਸ ਨੂੰ ਛੇੜਾਂਗੇ ਨਹੀਂ। ਅਤੇ ਫਿਰ, ਜਦੋਂ ਪਰਮੇਸ਼ੁਰ ਸਾਨੂੰ ਸੱਚ ਪ੍ਰਗਟ ਕਰਦਾ ਹੈ, ਤਾਂ ਖੈਰ, ਤਦ ਮੈਂ ਉਸ ਬਾਰੇ ਬੋਲਾਂਗਾ।

15 ਤੁਹਾਨੂੰ ਪਤਾ ਹੈ? ਮੇਰਾ ਅੰਦਾਜਾ ਹੈ ਕਿ ਭਾਈ ਰਾਏ ਸਲਾਟਰ ਅਤੇ—ਅਤੇ ਇੱਥੇ ਕੁਝ ਪੁਰਾਣੇ-ਸਮੇਂ ਦੇ ਵਿਸ਼ਵਾਸੀ ਇੱਥੇ ਹਨ, ਜਿਨ੍ਹਾਂ ਨੇ ਕਾਫ਼ੀ ਸਮਾਂ ਪਹਿਲਾਂ ਸ਼ੁਰੂਆਤ ਕੀਤੀ ਸੀ...ਉੱਥੇ ਲਗਭਗ, ਮੇਰਾ ਅੰਦਾਜ਼ਾ ਹੈ, ਮੇਰੀ ਸੇਵਕਾਈ ਦੇ ਪਹਿਲੇ ਤਿੰਨ ਜਾਂ ਚਾਰ ਸਾਲ, ਇੱਥੇ ਡੇਰੇ ਵਿੱਚ ਹੀ ਸਨ, ਮੈਂ ਨਰਕ ਦੇ ਵਿਸ਼ੇ ਤੇ ਪ੍ਰਚਾਰ ਵੀ ਨਹੀਂ ਕਰਦਾ ਸੀ, ਕਿਉਂਕਿ ਮੈਂ—ਮੈਂ ਇਹ ਨਹੀਂ ਸਮਝ ਸਕਿਆ ਸੀ ਕਿ ਕੀ ਇਹ ਬਲਦੀ ਹੋਈ ਥਾਂ ਹੈ, ਜਾਂ ਕੀ ਇਹ ਕਬਰ ਸੀ। ਅਤੇ ਹਰ ਵਾਰੀ ਜਦੋਂ ਵਚਨ ਬੋਲਦਾ ਸੀ, *ਕਬਰ,* ਮੈਨੂੰ ਅਨੁਵਾਦ ਮਿਲਦਾ ਸੀ "*ਪਤਾਲ*।" *ਪਤਾਲ* ਦਾ ਮਤਲਬ ਹੈ "ਕਬਰ।" ਹਰ ਵਾਰ ਇਹ ਨਰਕ ਦੀ ਗੱਲ ਕਰਦਾ ਸੀ, "*ਪਤਾਲ*, ਕਬਰ।" ਅਤੇ ਮੈਂ ਉਸ ਨੂੰ ਛੱਡ ਦਿੱਤਾ ਜਦ ਤੱਕ ਕਿ ਮੈਂ ਪੂਰੀ ਤਰ੍ਹਾਂ ਸਮਝ ਨਾ ਲਿਆ ਕਿ ਮੈਂ ਕੀ ਬੋਲ ਰਿਹਾ ਹਾਂ, ਫਿਰ ਮੈਂ ਨਰਕ ਦੇ ਵਿਸ਼ੇ ਤੇ ਪ੍ਰਚਾਰ ਕੀਤਾ, ਜਦੋਂ ਮੈਂ ਅਸਲ ਵਿੱਚ ਸਾਰੀ ਤਸਵੀਰ ਵੇਖ ਲਈ ਅਤੇ ਸਮਝ ਲਿਆ ਕਿ ਉਹ ਕਿੱਥੇ ਹੈ। ਕਿਉਂਕਿ, ਮੈਨੂੰ ਲੱਗਦਾ ਹਾਂ ਕਿ ਇਕ ਪ੍ਰਚਾਰਕ ਉਸ ਲਈ ਪਰਮੇਸ਼ੁਰ ਅੱਗੇ ਜ਼ਿੰਮੇਵਾਰ ਹੈ, ਜੋ ਉਹ ਮੰਡਲੀ ਨੂੰ ਦੱਸਦਾ ਹੈ, ਕਿਉਂਕਿ ਲੋਕ ਉਸੇ ਗਲ ਨੂੰ ਹੀ ਫੜ ਕੇ ਰੱਖਣਗੇ। ਅਤੇ ਇਸ ਲਈ, ਤਦ, ਕੀ ਹੋਵੇਗਾ ਜੇ ਮੈਂ ਉਨ੍ਹਾਂ ਨੂੰ ਗਲਤ ਜਗ੍ਹਾ ਤੇ ਹੱਥ ਪਵਾ ਦਿਆਂ, ਅਤੇ ਫਿਰ ਉਹ ਸਮਾਂ ਆ ਜਾਵੇ ਜਦ ਉਹ ਫੜ ਕੇ ਨਾ ਰੱਖ ਸਕਣ? ਸਮਝੇ?

ਅਤੇ ਉਸ ਦਰਸ਼ਨ ਵਿੱਚ ਜੋ ਪ੍ਰਭੂ ਨੇ ਮੈਨੂੰ, ਕੁਝ ਸਮਾਂ ਪਹਿਲਾਂ ਦਿੱਤਾ ਸੀ, ਜਦੋਂ ਉਹ ਦੱਸ ਲੱਖ…ਜਦੋਂ ਉਹ ਮੇਰੇ ਨਾਲ ਗੱਲ ਕਰ ਰਿਹਾ ਸੀ, ਕਿਹਾ, “ਪਹਿਲਾਂ, ਤੇਰਾ ਨਿਆਂ ਕੀਤਾ ਜਾਵੇਗਾ, ਉਸੇ ਇੰਜੀਲ ਨਾਲ ਜਿਸ ਦਾ ਤੂੰ ਪ੍ਰਚਾਰ ਕਰਦਾ ਹੈਂ।”

16 ਮੈਂ ਕਿਹਾ, “ਮੈਂ ਉਹੀ ਪ੍ਰਚਾਰ ਕਰਦਾ ਹਾਂ ਜੋ ਪੌਲੁਸ, ਅਤੇ ਬਾਕੀ ਸਾਰਿਆਂ ਨੇ ਕੀਤਾ ਸੀ।”

17 ਅਤੇ ਉਹਨਾਂ ਲੱਖਾਂ ਆਵਾਜ਼ਾਂ ਨੇ ਚੀਕ ਕੇ ਕਿਹਾ, “ਅਸੀਂ ਤਾਂ ਉਸੇ ਤੇ ਆਰਾਮ ਕਰ ਰਹੇ ਹਾਂ।” ਇਹੀ ਗੱਲ ਸੀ। ਸਮਝੇ? ਬਿਲਕੁਲ।

18 ਇਸ ਲਈ ਮੈਂ ਅੱਜ ਰਾਤ ਜਾਰੀ ਰੱਖਣਾ ਚਾਹੁੰਦਾ ਹਾਂ, ਹੁਣ, ਤਾਂ ਜੋ ਅਸੀਂ ਜਿਆਦਾ ਚਿਰ ਨਾ ਲਾਈਏ। ਅਤੇ ਹੁਣ ਨਾ ਭੁੱਲੋ…ਹੁਣ, ਅੱਜ ਸਵੇਰੇ…ਮੇਰੇ ਕੋਲ ਇੱਥੇ ਕੁਝ ਛੋਟੇ ਨੋਟਸ ਹਨ। ਅੱਜ ਸਵੇਰੇ ਮੈਂ ਦਾਨੀਏਲ ਦੇ ਬੰਧਕ ਬਣਨ ਬਾਰੇ ਗੱਲ ਕੀਤੀ ਸੀ, ਜਿਬਰਾਏਲ ਉਸਦੇ ਕੋਲ ਆਇਆ ਅਤੇ ਉਸਨੂੰ ਭਵਿੱਖ ਬਾਰੇ ਦਿਸ਼ਾ-ਨਿਰਦੇਸ਼ ਦਿੱਤੇ। ਇਹੀ ਸੀ ਜੋ ਅਸੀਂ ਅੱਜ ਸਵੇਰੇ ਲਿਆ ਸੀ, ਭਵਿੱਖ ਲਈ ਨਿਰਦੇਸ਼।

19 ਹੁਣ, ਅੱਜ ਰਾਤ, ਅਸੀਂ *ਜਿਬਰਾਏਲ ਦੀ ਦਾਨੀਏਲ ਨਾਲ ਮੁਲਾਕਾਤ ਦਾ ਛੇ ਪੱਖੀ ਉਦੇਸ਼ ਬਾਰੇ ਗੱਲ ਕਰ ਰਹੇ ਹਾਂ।* ਅਗਲੇ ਐਤਵਾਰ, ਜੇ ਪ੍ਰਭੂ ਨੇ ਚਾਹਿਆ, ਤਾਂ ਅਸੀਂ ਸੱਤਰ ਸਾਤਿਆਂ ਨੂੰ ਉਸ ਜਗ੍ਹਾ ਤੇ ਰੱਖਾਂਗੇ, ਜਿੱਥੇ ਉਹ ਸੰਬੰਧਿਤ ਹਨ, ਸਮੇਂ ਦੇ ਤੱਤ ਵਿੱਚ। ਅਤੇ ਅਸੀਂ ਕਿੱਥੇ ਖੜੇ ਹਾਂ? ਹੁਣ, ਜੇ ਅਸੀਂ ਇਸਨੂੰ ਲੱਭ ਸਕੀਏ ਅਤੇ ਇਸ ਗੱਲ ਨੂੰ ਯਕੀਨੀ ਬਣਾ ਸਕੀਏ, ਸਕਾਰਾਤਮਕ ਤੌਰ ਤੇ, ਤਾਂ ਅਸੀਂ ਜਾਣ ਲਵਾਂਗੇ ਕਿ ਅਸੀਂ ਕਿਹੜੀ ਘੜੀ ਵਿੱਚ ਜੀ ਰਹੇ ਹਾਂ। ਹੁਣ, ਅਸੀਂ ਇਹ ਨਹੀਂ ਜਾਣ ਸਕਦੇ ਕਿ ਉਹ ਕਦੋਂ ਆ ਰਿਹਾ ਹੈ; ਕੋਈ ਵੀ ਇਹ ਨਹੀਂ ਜਾਣੇਗਾ। ਯਿਸੂ ਆਪ ਵੀ, ਇਸ ਬਾਰੇ ਨਹੀਂ ਜਾਣਦਾ। ਉਸ ਨੇ ਕਿਹਾ ਸੀ ਕਿ ਉਹ ਨਹੀਂ ਜਾਣਦਾ ਉਸਨੇ ਕਿਹਾ ਕਿ ਸਿਰਫ਼ ਪਿਤਾ ਨੂੰ ਹੀ, ਇਸ ਬਾਰੇ ਪਤਾ ਸੀ। ਦੂਤ ਵੀ ਇਹ ਨਹੀਂ ਜਾਣਦੇ। ਸਾਡੇ ਵਿੱਚੋਂ ਕੋਈ ਨਹੀਂ ਜਾਣਦਾ ਕਿ ਉਹ ਕਦੋਂ ਆ ਰਿਹਾ ਹੈ, ਪਰ ਅਸੀਂ ਦੱਸ ਸਕਦੇ ਹਾਂ ਉਹ ਘੜੀ ਜਿਸ…ਉਹ ਸਮਾਂ ਜਿਸ ਵਿੱਚ ਅਸੀਂ ਜੀ ਰਹੇ ਹਾਂ, ਇਹ ਜਾਣਦੇ ਹੋਏ ਕਿ ਅਸੀਂ ਕਿੰਨੇ ਨੇੜੇ ਹੋ ਸਕਦੇ ਹਾਂ।

20 ਹੁਣ, ਥੋੜ੍ਹਾ ਜਿਹਾ ਦੁਹਰਾਉਣ ਲਈ, ਕਿਉਂਕਿ ਲੜਕੇ ਇਸ ਨੂੰ ਟੇਪ ਤੇ ਰਿਕਾਰਡ ਕਰ ਰਹੇ ਹਨ…ਕਮਰੇ ਦੇ ਪਿੱਛੇ ਮਸ਼ੀਨਾਂ ਚੱਲ ਰਹੀਆਂ ਹਨ। ਅਤੇ ਇਹ ਟੇਪਾਂ, ਬੇਸ਼ੱਕ, ਉਹ ਬਾਹਰ, ਹਰ ਜਗ੍ਹਾ ਭੇਜੀਆਂ ਜਾਂਦੀਆਂ ਹਨ।

21 ਹੁਣ, ਅੱਜ ਸਵੇਰੇ ਦੇ ਵਿਸ਼ੇ ਵਿੱਚ, ਜਦੋਂ ਅਸੀਂ ਚੌਥੇ ਅਤੇ ਪੰਜਵੇਂ

ਅਧਿਆਇ ਨੂੰ ਮੁੜ ਵੇਖਿਆ, ਫਿਰ ਅਸੀਂ ਲਿਆ...ਦਾਨੀਏਲ ਦੀ 9ਵੇਂ ਅਧਿਆਇ ਤੋਂ ਸ਼ੁਰੂਆਤ ਕੀਤੀ। ਅਤੇ ਹੁਣ, ਅੱਜ ਰਾਤ, ਅਸੀਂ 9ਵੇਂ ਅਧਿਆਇ ਨੂੰ ਜਾਰੀ ਰੱਖਾਂਗੇ। ਇਸਨੂੰ ਸ਼ੁਰੂ ਕਰਨ ਤੋਂ ਪਹਿਲਾਂ, ਆਓ ਕੁਝ ਪਲਾਂ ਲਈ ਆਪਣੇ ਸਿਰ ਝੁਕਾਈਏ ਅਤੇ ਵਚਨ ਦੇ ਲੇਖਕ ਨਾਲ ਗੱਲਬਾਤ ਕਰੀਏ।

22 ਸਾਡੇ ਮਿਹਰਬਾਨ ਪਰਮੇਸ਼ੁਰ, ਸਾਨੂੰ ਯਕੀਨ ਹੈ ਕਿ ਤੂੰ ਸਾਡੇ ਦਿਲ ਦੇ ਹਰੇਕ ਇਰਾਦੇ ਨੂੰ ਜਾਣਦਾ ਹੈਂ। ਤੈਨੂੰ ਪਤਾ ਹੈ ਕਿ ਅਸੀਂ ਇੱਥੇ ਕਿਉਂ ਹਾਂ। ਤੈਨੂੰ ਪਤਾ ਹੈ ਕਿ ਅਸੀਂ ਅੱਜ ਰਾਤ ਇੱਥੇ ਸਿਰਫ਼ ਇਸ ਲਈ ਨਹੀਂ ਆਏ ਕਿਉਂਕਿ ਅਸੀਂ ਸੋਚਿਆ ਕਿ ਇਹ ਇੱਕ ਚੰਗੀ ਥਾਂ ਰਹੇਗੀ, ਤਾਂ ਜੋ ਦੁਪਹਿਰ ਲਈ ਥੋੜਾ ਜਿਹਾ ਅਰਾਮ ਫ਼ਰਮਾਇਆ ਜਾ ਸਕੇ। ਪਿਤਾ, ਮੈਂ ਵਿਸ਼ਵਾਸ ਨਹੀਂ ਕਰਦਾ ਕਿ ਇੱਥੇ ਇੱਕ ਵੀ ਵਿਅਕਤੀ ਉਸ ਮਕਸਦ ਲਈ ਨਹੀਂ ਆਇਆ ਹੋਵੇਗਾ। ਮੈਂ ਵਿਸ਼ਵਾਸ ਕਰਦਾ ਹਾਂ ਕਿ ਅਸੀਂ ਅੱਜ ਰਾਤ ਇੱਥੇ ਹਾਂ ਕਿਉਂਕਿ ਅਸੀਂ ਗੰਭੀਰਤਾਪੂਰਵਕ ਸੱਚੇ ਹਾਂ, ਇਮਾਨਦਾਰ ਹਾਂ, ਅਤੇ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਨੂੰ ਜਾਣਨਾ ਚਾਹੁੰਦੇ ਹਾਂ।

23 ਅਸੀਂ ਤੈਨੂੰ ਪਿਆਰ ਕਰਦੇ ਹਾਂ, ਪ੍ਰਭੂ, ਅਤੇ ਅਸੀਂ ਤੇਰੇ ਬਚਨ ਨਾਲ ਪਿਆਰ ਕਰਦੇ ਹਾਂ। ਅਤੇ ਜੇ ਇਹ ਜਗ੍ਹਾ ਜੋ ਤੂੰ ਸਾਡੇ ਲਈ ਮੁਹੱਈਆ ਕਰਵਾਈ ਹੈ, ਸਾਡੇ ਸਿਰ ਉੱਤੇ ਇੱਕ ਛੱਤ, ਅਤੇ ਇਹ ਰੇਤ ਬਜਰੀ ਦੇ ਬਲੋਕ, ਅਸੀਂ ਇਸ ਜਗ੍ਹਾ ਲਈ ਤੁਹਾਡੇ ਧੰਨਵਾਦੀ ਹਾਂ। ਕਿਉਂਕਿ, ਅਸੀਂ ਵਿਸ਼ਵਾਸ ਕਰਦੇ ਹਾਂ ਕਿ ਆਸਮਾਨ ਤੋਂ ਪਾਰ ਇੱਕ ਘਰ ਹੈ, ਜਿਸ ਵੱਲ ਅਸੀਂ ਰਵਾਨਾ ਹੋ ਚੁੱਕੇ ਹਾਂ। ਅਸੀਂ ਆਪਣੇ ਪੂਰਵਜਾਂ ਬਾਰੇ ਸੋਚਦੇ ਹਾਂ ਜਿਨ੍ਹਾਂ ਕੋਲ ਇਹ ਸਹੂਲਤ ਵੀ ਨਹੀਂ ਸੀ, ਅਤੇ ਇਹ ਸਾਨੂੰ ਸ਼ਰਮ ਨਾਲ ਆਪਣੇ ਦਿਲ ਝੁਕਾਉਣ ਲਈ ਮਜਬੂਰ ਕਰਦਾ ਹੈ, ਪ੍ਰਭੂ, ਜੇ ਅਸੀਂ ਕਦੇ ਸ਼ਿਕਾਇਤ ਕਰੀਏ।

24 ਹੁਣ, ਪਿਤਾ, ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੂੰ, ਅੱਜ ਰਾਤ, ਸਾਡੇ ਲਈ ਵਚਨ ਖੋਲ੍ਹ ਦੇ। ਆ, ਨਾਲ-ਨਾਲ ਚੱਲ, ਸਾਡੇ ਵਿੱਚੋਂ ਹਰੇਕ ਦੇ ਨਾਲ, ਜਿਵੇਂ ਅਸੀਂ ਅੱਜ ਰਾਤ ਇਸ ਰਾਹ ਤੇ ਤੁਰ ਰਹੇ ਹਾਂ। ਸਾਡੇ ਨਾਲ ਉਸੇ ਤਰ੍ਹਾਂ ਗੱਲ ਕਰੋ ਜਿਵੇਂ ਤੁਸੀਂ ਯਰੂਸ਼ਲਮ ਤੋਂ ਇੰਮਊਸ ਵੱਲ, ਜਾਣ ਵਾਲਿਆਂ ਨਾਲ ਕੀਤੀ ਸੀ। ਤਾਂ, ਅੱਜ ਰਾਤ, ਜਦੋਂ ਇਹ ਸਭਾ ਸਮਾਪਤ ਹੋਵੇ, ਜਦ ਅਸੀਂ ਆਪਣੇ-ਆਪਣੇ ਘਰਾਂ ਨੂੰ ਵਾਪਸ ਜਾਈਏ ਅਤੇ ਕਹੀਏ, "ਜਦੋਂ ਉਹ ਸਾਡੇ ਨਾਲ ਆਪਣੇ ਵਚਨ ਰਾਹੀਂ ਗੱਲ ਕਰ ਰਿਹਾ ਸੀ ਸੀ ਤਾਂ ਕੀ ਸਾਡੇ ਦਿਲ ਸਾਡੇ ਅੰਦਰ ਗਰਮ ਨਹੀਂ ਸੀ ਹੁੰਦੇ!"

25 ਪੜ੍ਹੇ ਜਾਣ ਨੂੰ ਆਸ਼ੀਸ ਦੇ। ਮੇਰੇ ਕਮਜ਼ੋਰ ਯਤਨਾਂ ਨੂੰ ਆਸ਼ੀਸ ਦੇ, ਪ੍ਰਭੂ।

ਮੇਰੇ ਮੂੰਹ ਨੂੰ ਸੱਚ ਲਈ ਖੋਲ੍ਹ ਦੇ, ਅਤੇ ਗਲਤ ਲਈ ਬੰਦ ਕਰ ਦੇ। ਅਤੇ ਆਪਣੇ ਆਪ ਨੂੰ ਮਹਿਮਾ ਦੇ, ਅਤੇ ਆਪਣੇ ਲੋਕਾਂ ਵਿੱਚ ਮਹਿਮਾ ਕਰ, ਤਾਂ ਜੋ ਉਹ ਸਮਾਂ ਦੇਖ ਸਕਣ ਜਿਸ ਵਿੱਚ ਅਸੀਂ ਜੀ ਰਹੇ ਹਾਂ ਅਤੇ ਪ੍ਰਭੂ ਯਿਸੂ ਮਸੀਹ ਦੀ ਆਮਦ ਨੂੰ ਜੋ ਨੇੜੇ ਹੈ। ਕਿਉਂਕਿ, ਅਸੀਂ ਇਹ ਉਸਦੇ—ਉਸਦੇ ਨਾਮ ਵਿੱਚ ਮੰਗਦੇ ਹਾਂ, ਯਿਸੂ ਮਸੀਹ ਦੇ ਨਾਮ ਵਿੱਚ। ਆਮੀਨ।

26 ਹੁਣ, ਕੁਝ ਪਲਾਂ ਲਈ ਆਪਣੀਆਂ ਲਿਖਤਾਂ ਵੱਲ ਮੁੜੀਏ। ਅਸੀਂ ਵੇਖਦੇ ਹਾਂ ਕਿ ਦਾਨੀਏਲ ਅਠਾਹਠ ਸਾਲਾਂ ਦੇ ਲੰਬੇ ਸਮੇਂ ਲਈ ਕੈਦ ਵਿੱਚ ਸੀ। ਇਸ ਬਾਰੇ ਸੋਚੋ ! ਹੁਣ, ਤੁਸੀਂ, ਅਤੇ ਆਪਣਾ ਕਾਗਜ਼ ਤੇ ਪੈਨਸਿਲ, ਜਿਹੜੇ ਅੱਜ ਸਵੇਰੇ ਇਹ ਨਹੀਂ ਲੈ ਸਕੇ, ਉਹ ਇਸਨੂੰ ਅੱਜ ਰਾਤ ਲਿਖ ਸਕਦੇ ਹੋ। ਈ.ਪੂ. 606 ਤੋਂ 538 ਤੱਕ। 606 ਵਿੱਚੋਂ 538 ਘਟਾਓ, ਤਾਂ ਤੁਹਾਡੇ ਕੋਲ ਅਠਾਹਠ ਸਾਲ ਆਉਂਦੇ ਹਨ ਜਿਨ੍ਹਾਂ ਦੌਰਾਨ ਦਾਨੀਏਲ…ਇੱਕ ਬੰਦੀ ਸੀ; ਜਾਣ ਲਈ ਕੋਈ ਕਲੀਸਿਯਾ ਨਹੀਂ ਸੀ, ਸੁਣਨ ਲਈ ਕੋਈ ਉਪਦੇਸ਼ ਨਹੀਂ ਸੀ, ਕੁਝ ਨਹੀਂ ਸੀ। ਪਰ ਉਸ ਕੋਲ ਕੁਝ ਪੁਸਤਕਾਂ, ਕੁਝ ਪੋਥੀਆਂ ਸਨ, ਜਿਨਾਂ ਦੀ ਉਸ ਤੋਂ ਪਹਿਲਾਂ ਦੇ ਇੱਕ ਨਬੀ ਨੇ ਭਵਿੱਖਬਾਣੀ ਕੀਤੀ ਸੀ, ਅਤੇ ਉਹ ਸੀ—ਸੀ ਯਿਰਮਿਯਾਹ।

27 ਹੁਣ, ਲਿਖਤਾਂ ਦਾ ਅਧਿਐਨ ਕਰਦਿਆਂ, ਉਸ ਨੇ ਵੇਖਿਆ ਕਿ ਸਮਾਂ ਖਤਮ ਹੋ ਰਿਹਾ ਸੀ, ਉਹ ਸੱਤਰ ਸਾਲਾਂ ਦਾ ਸਮਾਂ…ਅਤੇ ਦਾਨੀਏਲ ਨੇ ਯਿਰਮਿਯਾਹ ਨਬੀ ਦੇ ਕਹੇ ਹਰੇਕ ਵਚਨ ਤੇ ਗੰਭੀਰਤਾ ਨਾਲ ਵਿਸ਼ਵਾਸ ਕੀਤਾ। ਅਤੇ ਮੈਂ ਅੱਜ ਰਾਤ ਆਪਣੀ ਇਸ, ਜਮਾਤ ਨੂੰ ਕਹਿੰਦਾ ਹਾਂ: ਕੀ ਸਾਨੂੰ ਆਪਣੇ ਨਬੀਆਂ ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਹੈ? [ਸਭਾ ਕਹਿੰਦੀ ਹੈ, "ਆਮੀਨ।"—ਸੰਪਾ.] ਹਾਂ, ਸ਼੍ਰੀਮਾਨ। ਕਿਉਂਕਿ, ਪ੍ਰਭੂ ਦਾ ਬਚਨ ਨਬੀਆਂ ਕੋਲ ਹੀ ਆਇਆ ਸੀ। ਉਨ੍ਹਾਂ ਕੋਲ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵਾਲਾ ਵਚਨ ਹੈ। ਅਤੇ ਇੱਕ ਸੱਚਾ ਨਬੀ ਕਦੇ ਵੀ ਦੂਜੇ ਨਬੀ ਦੇ ਬਚਨ ਤੋਂ ਵੱਖਰਾ ਨਹੀਂ ਹੋਵੇਗਾ। ਉਹ ਇਸਨੂੰ ਕੁਝ ਹੋਰ ਨਹੀਂ ਬਣਾਏਗਾ ਜੋ ਇਹ ਨਹੀਂ ਕਹਿੰਦਾ। ਉਹ ਬਿਲਕੁਲ ਉਹੀ ਕਹੇਗਾ ਜੋ ਸੱਚੇ ਨਬੀ ਨੇ ਕਿਹਾ ਸੀ, ਇਹੀ ਉਸਨੂੰ ਇੱਕ ਨਬੀ ਬਣਾਉਂਦਾ ਹੈ। ਫਿਰ ਜਦੋਂ ਉਹ ਉਸ ਨੂੰ ਲੈਂਦੇ ਹਨ, ਅਤੇ ਉਹ ਜੋ ਆਉਣ ਵਾਲਾ ਹੈ, ਉਸਦੀ ਭਵਿੱਖਬਾਣੀ ਕਰਦੇ ਹਨ, ਇਹ ਜਾਣਦੇ ਹੋਏ, ਆਪਣੇ ਦਿਲਾਂ ਵਿੱਚ ਡਰ ਦੇ ਨਾਲ, ਕਿ ਇਹ ਨਾ ਹੋਵੇ ਕਿ ਉਹ ਕੁਝ ਗਲਤ ਕਹਿ ਦੇਣ ਅਤੇ ਇਸ ਨਾਲ ਕੋਈ ਗੁਮਰਾਹ ਹੋ ਜਾਵੇ। ਅਸੀਂ ਇਹ ਕਦੇ ਵੀ ਨਹੀਂ ਕਰਨਾ ਚਾਹੁੰਦੇ। ਅਸੀਂ ਬਿਲਕੁਲ ਯਕੀਨੀ ਹੋਣਾ ਚਾਹੁੰਦੇ ਹਾਂ ਕਿ ਸਾਡੇ ਕੋਲ ਪ੍ਰਭੂ ਦਾ ਬਚਨ ਹੈ ਇਸ ਤੋਂ ਪਹਿਲਾਂ ਜੋ ਅਸੀਂ ਕਹੀਏ ਕਿ **ਯਹੋਵਾਹ ਇੰਝ ਫ਼ਰਮਾਉਂਦਾ ਹੈ**। ਸਮਝੇ? ਇਹ ਪਰਮੇਸ਼ੁਰ ਦੇ ਸਿੰਘਾਸਨ ਤੋਂ ਆਇਆ ਇੱਕ ਪਰਮ ਸਤ, ਸਿੱਧਾ ਸੰਦੇਸ਼ ਹੋਣਾ ਚਾਹੀਦਾ ਹੈ, ਨਹੀਂ ਤਾਂ ਸਾਨੂੰ ਇਹ ਕਦੇ ਵੀ ਨਹੀਂ ਕਹਿਣਾ ਚਾਹੀਦਾ।

28 ਹੁਣ, ਲਿਖਤਾਂ ਦਾ ਅਧਿਐਨ ਕਰਦਿਆਂ, ਉਸ ਨੇ ਵੇਖਿਆ ਕਿ ਸੱਤਰ ਸਾਲ ਮੁਕਣ ਵਾਲੇ ਹਨ। ਸੋ, ਜਦੋਂ ਕਿ ਉਹ ਅਠਾਹਠ ਸਾਲਾਂ ਤੋਂ ਉੱਥੇ ਸੀ, ਭਵਿੱਖ ਵਿੱਚ ਦੋ ਸਾਲ ਬਾਕੀ ਸਨ ਜਦ ਤੱਕ ਪਰਮੇਸ਼ੁਰ ਆਪਣੀ ਪ੍ਰਜਾ ਨੂੰ ਮੁੜ ਉਨਾਂ ਦੀ ਧਰਤੀ ਵਿੱਚ ਵਾਪਸ ਨਾ ਲੈ ਆਵੇ।

ਜਦ ਉਹ ਪ੍ਰਾਰਥਨਾ ਵਿੱਚ ਸੀ, ਅਸੀਂ ਪਤਾ ਲਗਾਇਆ ਕਿ ਇੱਕ ਸ਼ਕਤੀਸ਼ਾਲੀ ਦੂਤ ਸਵਰਗ ਤੋਂ ਆਇਆ। ਕੀ ਕੋਈ ਉਸਦਾ ਨਾਮ ਲੈ ਸਕਦਾ ਹੈ? [ਸਭਾ ਕਹਿੰਦੀ ਹੈ, "ਜਿਬਰਾਏਲ।"—ਸੰਪਾ.] ਜਿਬਰਾਏਲ। ਅਤੇ ਉਹ ਦੂਤ ਯਹੂਦੀ ਕਲੀਸਿਯਾ ਲਈ ਹੈ। ਇਹ ਗੱਲ ਕਿੰਨੇ ਜਾਣਦੇ ਹਨ? ਹਰ ਜਗ੍ਹਾ, ਇਹ ਜਿਬਰਾਏਲ ਹੀ ਹੈ। ਜਿਬਰਾਏਲ ਹੀ ਕਲੀਸਿਯਾ ਲਈ ਦੂਤ ਹੈ, ਯਹੂਦੀ ਕਲੀਸਿਯਾ ਲਈ; ਉਹ ਮਰਿਆਮ ਕੋਲ ਆਇਆ; ਉਹ ਜਕਰਯਾਹ ਕੋਲ ਆਇਆ। ਹਮੇਸ਼ਾਂ, ਇਹ ਜਿਬਰਾਏਲ ਹੀ ਸੀ। ਅਤੇ ਉਹ ਸਵਰਗ ਦੇ ਮਹਾਨ ਦੂਤਾਂ ਵਿੱਚੋਂ ਇੱਕ ਹੈ। ਅਤੇ ਕੀ ਉਹ ਸਾਡੇ ਭਾਈ ਦਾਨੀਏਲ ਲਈ ਪਰਮੇਸ਼ੁਰ ਵੱਲੋਂ ਇਕ ਅਜਿਹੀ ਸ਼ਾਨਦਾਰ ਸਲਾਮ ਨਹੀਂ ਲੈ ਕੇ ਆਇਆ ਸੀ! "ਹੇ ਦਾਨੀਏਲ, ਬਹੁਤ ਪਿਆਰੇ!"

29 ਕੀ ਇਹ ਤੁਹਾਨੂੰ ਚੰਗਾ ਨਹੀਂ ਲੱਗੇਗਾ, ਇਹ ਸੋਚ ਕੇ ਕਿ ਪਰਮੇਸ਼ੁਰ ਤੁਹਾਨੂੰ ਪਿਆਰ ਕਰਦਾ ਹੈ? ਜੇ ਮੈਨੂੰ ਇੱਥੋਂ ਬਹੁਤ ਪਿਆਰ ਨਾ ਮਿਲਦਾ, ਤਾਂ ਮੈਂ ਇਹ ਜਾਣਨਾ ਚਾਹੁੰਦਾ ਕਿ ਮੈਨੂੰ ਉੱਪਰ ਥੋੜਾ ਬਹੁਤ ਪਿਆਰ ਕੀਤਾ ਜਾਂਦਾ ਹੈ, ਕੀ ਤੁਸੀਂ ਨਹੀਂ ਚਾਹੁੰਦੇ? ਯਕੀਨਨ। ਬਸ ਜਿਵੇਂ...ਉਹ ਕਦੇ-ਕਦਾਈਂ, ਮੇਰੇ ਬਾਰੇ ਸੋਚਦਾ ਹੈ, ਇਹ ਗੱਲ ਮੈਨੂੰ ਚੀਕਣ ਤੇ ਮਜਬੂਰ ਕਰ ਦੇਵੇਗੀ, ਇਹ ਸੋਚ ਕੇ ਕਿ ਉਹ ਮੇਰੀ ਫਿਕਰ ਕਰਦਾ ਹੈ। ਅਤੇ ਸਾਨੂੰ ਇਹ ਭਰੋਸਾ ਹੈ ਕਿ ਉਹ ਸਾਡੀ ਫਿਕਰ ਕਰਦਾ ਹੈ, ਕਿਉਂਕਿ, "ਜਦ ਅਸੀਂ ਅਜੇ ਪਾਪੀ ਹੀ ਸਾਂ, ਮਸੀਹ ਨੇ ਸਾਡੇ ਬਦਲੇ ਮਰ ਗਿਆ," ਭਾਈ। ਅਤੇ, ਹੁਣ, ਜਦ ਅਸੀਂ ਪਰਮੇਸ਼ੁਰ ਤੋਂ ਦੂਰ ਸਾਂ, ਹੁਣ ਉਸ ਨੇ ਸਾਨੂੰ ਪਰਮੇਸ਼ੁਰ ਦੇ ਨੇੜੇ ਲਿਆਂਦਾ ਹੈ ਅਤੇ ਸਾਡੀ ਮੁਕਤੀ ਦੀ ਸਾਈ ਦਿੱਤੀ ਹੈ, ਜੋ ਕਿ, ਪਵਿੱਤਰ ਆਤਮਾ ਹੈ। ਅਤੇ ਉਸ ਵਿੱਚ ਇੱਕ ਵਿਸ਼ਵਾਸ ਹੈ ਜੋ ਸਾਨੂੰ ਸੰਸਾਰ ਦੀਆਂ ਚੀਜ਼ਾਂ ਤੋਂ ਉੱਪਰ ਚੁੱਕਦਾ ਹੈ, ਅਤੇ ਅਸੀਂ ਇਸ ਸਭ ਤੋਂ ਉੱਪਰ ਸਵਾਰ ਹੁੰਦੇ ਹਾਂ। ਇਹ ਸ਼ਾਨਦਾਰ ਹੈ। ਕੀ ਇਹ ਨਹੀਂ ਹੈ? ਠੀਕ ਹੈ।

30 ਜਦ ਉਹ ਪ੍ਰਾਰਥਨਾ ਵਿੱਚ ਸੀ, ਜਿਬਰਾਏਲ ਆਇਆ ਅਤੇ ਉਸਨੂੰ ਦੱਸਿਆ ਕਿ ਸਿਰਫ਼ ਹੋਰ ਦੋ ਸਾਲ ਹੀ ਨਹੀਂ ਸਨ ਇਸ ਤੋਂ ਪਹਿਲਾਂ ਕਿ ਉਹ ਮੁੜ ਆਪਣੇ ਦੇਸ਼ ਵਾਪਸ ਜਾਣਗੇ, ਪਰ ਉਸਨੇ ਉਸਨੂੰ ਉਸ ਕੌਮ ਦੀ ਪੂਰੀ ਮੰਜ਼ਿਲ ਵੀ ਦੱਸੀ। ਇਸ ਬਾਰੇ ਸੋਚੋ! ਪੂਰੀ ਮੰਜ਼ਿਲ, ਧਰਤੀ ਦੀ ਹਰੇਕ

ਯਾਤਰਾ, ਜਿਬਰਾਏਲ ਨੇ ਦਾਨੀਏਲ ਨੂੰ ਵਿਸਥਾਰ ਨਾਲ ਦੱਸਿਆ। ਕਿਹਾ ਕਿ ਉਹ ਇਸ ਮਹਾਨ ਗੱਲ ਨੂੰ ਦਾਨੀਏਲ ਨੂੰ ਦੱਸਣ ਲਈ ਭੇਜਿਆ ਗਿਆ ਸੀ। ਉਸ ਨਬੀ ਨੇ ਕਿਵੇਂ ਮਹਿਸੂਸ ਕੀਤਾ ਹੋਵੇਗਾ! ਅਤੇ ਉਸਨੇ ਉਸਨੂੰ ਦੱਸਿਆ ਕਿ ਉਸਦੇ ਲੋਕਾਂ ਲਈ ਸੱਤਰ ਸਾਤੇ ਠਹਿਰਾਏ ਗਏ ਸਨ, ਸਮੇਂ ਦੀ ਪੂਰਤੀ ਤਕ; ਇਹ ਅੰਤ ਦਾ ਸਮਾਂ ਹੈ, ਤਾਂ ਇਹ ਸਭ ਮੁੱਕ ਗਿਆ, ਪੂਰਤੀ ਦਾ ਸਮਾਂ। ਉਸਨੇ ਕਿਹਾ, "ਸੱਤਰ ਸਾਤੇ ਹਨ।"

31 ਉਨ੍ਹਾਂ ਵਿੱਚੋਂ ਕੁਝ ਇਸਨੂੰ ਮਹੀਨਿਆਂ ਨਾਲ ਜੋੜਦੇ ਹਨ, ਕੁਝ ਇਸਨੂੰ ਦਿਨਾਂ ਨਾਲ, ਕੁਝ…ਹੂੰ! ਜੇ ਇਹ ਅਸਲ ਵਿੱਚ ਸਿਰਫ਼ ਹਫ਼ਤੇ ਹੀ ਹਨ, ਤਾਂ ਇਹ ਲਗਭਗ ਸਵਾ ਦੋ ਸਾਲ, ਜਾਂ ਸਵਾ ਇੱਕ ਸਾਲ ਬਣਦਾ ਹੈ। ਅਤੇ, ਵੇਖੋ, ਤੁਸੀਂ… ਇੱਥੇ ਹੀ ਸਾਨੂੰ ਪਤਾ ਲਗਾਉਣਾ ਪੈਂਦਾ ਹੈ, ਤਾਂ ਜੋ ਸੱਚੇ ਹੋ ਸਕੀਏ।

32 "ਸੱਤਰ ਸਾਤੇ ਤੇਰੇ ਲੋਕਾਂ ਲਈ ਠਹਿਰਾਏ ਗਏ ਹਨ।" ਕਿਸ ਮਕਸਦ ਲਈ? ਕਾਹਦੇ ਲਈ? ਇਹ ਕਿਸ ਦੇ ਲੋਕਾਂ ਲਈ ਠਹਿਰਾਏ ਗਏ ਸਨ? ਦਾਨੀਏਲ ਦੇ ਲੋਕਾਂ ਲਈ, ਯਹੂਦੀਆਂ ਲਈ। ਅਤੇ ਇਹ ਕਾਹਦੇ ਲਈ ਠਹਿਆਰਾਏ ਗਏ ਸਨ? ਸਿਰਫ਼ ਦਾਨੀਏਲ ਲਈ ਨਹੀਂ, ਪਰ ਦਾਨੀਏਲ ਦੇ ਪਵਿੱਤਰ ਸ਼ਹਿਰ ਦੇ ਲਈ; ਵੇਖੋ, ਦਾਨੀਏਲ ਦੇ ਪਵਿੱਤਰ ਸ਼ਹਿਰ ਦੇ ਲਈ। ਹੁਣ, ਜਮਾਤੀਓ, ਦਾਨੀਏਲ ਦਾ ਪਵਿੱਤਰ ਸ਼ਹਿਰ ਕਿਹੜਾ ਸੀ? [ਸਭਾ ਕਹਿੰਦੀ ਹੈ, "ਯਰੂਸ਼ਲਮ।"—ਸੰਪਾ.] ਯਰੂਸ਼ਲਮ।

33 ਅਤੇ ਹੁਣ ਅਸੀਂ ਲੈਣ ਜਾ ਰਹੇ ਹਾਂ, ਹੋ ਸਕਦਾ ਹੈ ਇਸ ਨੂੰ ਅੱਜ ਰਾਤ ਨੂੰ ਲਈਏ: ਯਰੂਸ਼ਲਮ ਕਿੱਥੇ ਸੀ? ਯਰੂਸ਼ਲਮ ਦੀ ਸਥਾਪਨਾ ਕਿਸ ਨੇ ਕੀਤੀ ਸੀ? ਕੀ ਤੁਸੀਂ ਕਦੇ ਇਸ ਬਾਰੇ ਸੋਚਿਆ ਹੈ? ਯਰੂਸ਼ਲਮ ਦੀ ਸਥਾਪਨਾ ਕਿਸਨੇ ਕੀਤੀ? ਇਸਦੀ ਸਥਾਪਨਾ ਕਦੋਂ ਹੋਈ? ਅਸੀਂ ਕੁਝ ਸਮੇਂ ਬਾਅਦ, ਇਸ ਵਿੱਚ ਜਾਵਾਂਗੇ। ਯਰੂਸ਼ਲਮ ਦੀ ਸਥਾਪਨਾ ਕਿਸਨੇ ਕੀਤੀ? ਲੜਕੇ, ਇਹ ਇਕ ਛੋਟੀ ਜਿਹੀ ਗੱਲ ਹੈ ਜੋ ਕੋਨੇ ਵਿੱਚ ਲੁਕਾਈ ਗਈ ਹੈ, ਪਰ ਇਹ ਸੱਚਮੁੱਚ ਇਸ ਬਾਰੇ ਦੱਸਦੀ ਹੈ। ਹਾਂ, ਸ਼੍ਰੀਮਾਨ। ਯਰੂਸ਼ਲਮ ਦੀ ਸਥਾਪਨਾ ਕਿਸਨੇ ਕੀਤੀ, ਅਤੇ ਇਸਦੀ ਸਥਾਪਨਾ ਕਦੋਂ ਹੋਈ? ਠੀਕ ਹੈ। ਅਤੇ ਇਹ ਦਾਨੀਏਲ ਦਾ ਪਵਿੱਤਰ ਸ਼ਹਿਰ ਹੈ।

34 ਅਤੇ ਅਸੀਂ ਸਮਝਦੇ ਹਾਂ ਕਿ ਉਹ ਸ਼ਹਿਰ, ਜੋ ਹੁਣ ਦੋ ਹਜ਼ਾਰ ਸਾਲਾਂ ਤੋਂ ਸਰਾਪ ਬਣਿਆ ਹੋਇਆ ਹੈ, ਦੁਬਾਰਾ ਬਣਾਇਆ ਜਾਵੇਗਾ ਅਤੇ ਦੁਬਾਰਾ ਸਥਾਪਿਤ ਕੀਤਾ ਜਾਵੇਗਾ। ਅਤੇ ਮੰਦਰ ਦੀ ਅਰਾਧਨਾ ਉਸੇ ਤਰ੍ਹਾਂ ਸਥਾਪਿਤ ਕੀਤੀ ਜਾਵੇਗੀ ਜਿਵੇਂ ਇਹ ਸ਼ੁਰੂਆਤ ਵਿੱਚ ਸੀ। ਇਹ ਠੀਕ ਹੈ। ਯਰੂਸ਼ਲਮ ਹੁਣ ਹੋਵੇਗਾ, ਅਤੇ ਉੱਥੇ ਇੱਕ ਬਲੀਦਾਨ ਹੋਵੇਗਾ, ਇੱਕ ਰੋਜ਼ਾਨਾ ਭੇਟ ਦੁਬਾਰਾ

ਚੜ੍ਹਾਈ ਜਾਵੇਗੀ ਜਿਵੇਂ ਇਹ ਸ਼ੁਰੂ ਵਿੱਚ ਹੁੰਦਾ ਸੀ। ਅਸੀਂ ਇਸ ਦੇ ਜਿਆਦਾਤਰ ਹਿੱਸੇ ਵਿੱਚ ਜਾਣ ਵਾਲੇ ਹਾਂ, ਮੇਰਾ ਅੰਦਾਜਾ ਹੈ, ਅੱਜ ਰਾਤ, ਜਾਂ ਇਸ ਦੇ ਬਹੁਤ ਸਾਰੇ ਹਿੱਸੇ ਵਿੱਚ ਜਾਵਾਂਗੇ।

35 ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਜਾਣੋ, ਦੋਸਤੋ, ਕਿ, ਇਨ੍ਹਾਂ ਚੀਜ਼ਾਂ ਤੇ ਜ਼ੋਰ ਦੇ ਕੇ, ਮੈਂ ਯਕੀਨੀ ਤੌਰ ਤੇ ਹਫ਼ਤਿਆਂ ਦੀ ਸਿੱਖਿਆ ਛੱਡ ਰਿਹਾ ਹਾਂ। ਪਰ ਸਿਰਫ਼ ਥੋੜ੍ਹਾ ਛੂਹ ਕੇ ਜਾ ਰਿਹਾ ਹਾਂ, ਤਾਂ ਜੋ ਜਦੋਂ ਮੌਸਮ ਠੰਢਾ ਹੋਵੇ, ਜਾਂ ਕੁਝ ਸਮੇਂ ਬਾਅਦ, ਜਦੋਂ ਅਸੀਂ ਉਹਨਾਂ ਸੱਤ ਮੋਹਰਾਂ, ਸੱਤ ਕਟੋਰਿਆਂ, ਸੱਤ ਤੁਰ੍ਹੀਆਂ, ਅਤੇ ਇਨ੍ਹਾਂ ਸਾਰੀਆਂ ਚੀਜਾਂ ਵਿਚ ਜਾਵਾਂਗੇ, ਤਾਂ ਮੈਂ ਪਿਛਾਂਹ ਦਾ ਹਵਾਲਾ ਦੇ ਸਕਦਾ ਹਾਂ ਅਤੇ ਕਹਿ ਸਕਦਾ ਹਾਂ, "ਕੀ ਤੁਹਾਨੂੰ ਦਾਨੀਏਲ ਦੇ ਸੱਤਰ ਸਾਤਿਆਂ ਬਾਰੇ ਯਾਦ ਹੈ? ਕੀ ਤੁਹਾਨੂੰ ਕਲੀਸਿਯਾ ਦੇ ਯੁੱਗ ਬਾਰੇ ਯਾਦ ਹੈ, ਜਦੋਂ ਉਹ ਉੱਪਰ ਚਲੀ ਗਈ ਸੀ, ਅਤੇ ਕੀ ਕੁਝ ਹੋਇਆ ਸੀ?" ਅਤੇ ਦਾਨੀਏਲ ਦੇ ਇਹ ਸੱਤਰ ਸਾਤੇ ਕਲੀਸਿਯਾ ਦੇ ਉਠਾਏ ਜਾਣ ਤੋਂ ਲੈ ਕੇ ਕਲੀਸਿਯਾ ਦੇ ਮੁੜ ਆਉਣ ਤੱਕ ਨੂੰ ਦੱਸਦੇ ਹਨ। ਇਹ ਉਹ ਜਗ੍ਹਾ ਹੈ ਜੋ ਇਹ ਦੱਸਦੇ ਹਨ। ਹੁਣ, ਹੁਣ, ਦਾਨੀਏਲ ਦੇ ਸਾਰੇ ਸੱਤਰ ਸਾਤੇ ਨਹੀਂ; ਇਸਦਾ ਇੱਕ ਹਿੱਸਾ। "ਸੱਤਰ ਸਾਤੇ ਠਹਿਰਾਏ ਗਏ ਹਨ।"

36 ਹੁਣ, ਉਸਦੀ ਮੁਲਾਕਾਤ ਦਾ ਛੇ ਪੱਖੀ ਉਦੇਸ਼ ਸੀ, ਕਿ ਉਸ ਨੂੰ ਦੱਸੇ ਕਿ ਕੀ ਕੁਝ ਹੋਣ ਵਾਲਾ ਹੈ। ਹੁਣ, ਉਸਦੇ ਆਉਣ ਪਿੱਛੇ ਛੇ ਗੁਣਾ ਉਦੇਸ਼ ਸੀ। ਹੁਣ, ਅੱਜ ਰਾਤ, ਮੈਂ ਸੋਚਦਾ ਹਾਂ ਕਿ ਅਸੀਂ ਲਿਖਤਾਂ ਵਿੱਚ ਇੱਥੇ ਹੀ ਰੁਕਾਂਗੇ ਜਿੱਥੇ ਅਸੀਂ ਅੱਜ ਸਵੇਰੇ ਸੀ, ਜਿੱਥੇ ਇਹ ਛੇ ਗੁਣਾ ਉਦੇਸ਼ ਸੀ। ਅਸੀਂ ਇੱਥੇ ਹਾਂ। ਹੁਣ ਅਸੀਂ ਵੇਖਦੇ ਹਾਂ ਕਿ ਉੱਥੇ ਛੇ ਗੁਣਾ ਉਦੇਸ਼ ਸੀ, ਉਸ ਵਿੱਚੋਂ ਇੱਕ। ਹੁਣ ਆਓ ਅਸੀਂ ਲੈਂਦੇ ਹਾਂ...ਚੌਥਾ ਅਧਿਆਇ,...-ਚੌਥੀ ਆਇਤ...ਦਾਨੀਏਲ ਦੇ ਨੌਵੇਂ ਅਧਿਆਇ ਦੀ 24ਵੀਂ ਆਇਤ।

*ਅਤੇ ਸੱਤਰ ਸਾਤੇ ਤੇਰੇ ਲੋਕਾਂ ਲਈ ਠਹਿਰਾਏ ਗਏ ਹਨ...*

ਹੁਣ ਯਾਦ ਰੱਖੋ, ਇਸ ਧਰਤੀ ਉੱਤੇ ਇਜ਼ਰਾਇਲੀਆਂ ਦੀ ਯਾਤਰਾ ਇਥੇ ਹੀ ਖਤਮ ਹੋ ਜਾਵੇਗੀ। ਉਹ ਨਿਰਧਾਰਤ ਕੀਤੇ ਗਏ ਹਨ। ਬਸ ਸੱਤਰ ਸਾਤੇ ਹੀ ਨਿਰਧਾਰਤ ਕੀਤੇ ਗਏ ਹਨ। ਯਹੂਦੀਆਂ ਲਈ ਬੱਸ ਇੰਨਾ ਹੀ ਠਹਿਰਾਇਆ ਗਿਆ ਹੈ।

*...ਅਤੇ ਤੇਰੇ ਲੋਕਾਂ ਅਤੇ ਤੇਰੇ ਪਵਿੱਤਰ ਸ਼ਹਿਰ ਦੇ ਲਈ,...*

ਇਸ ਲਈ, ਇਹ ਸੱਤਰ ਸਾਤੇ, ਹੁਣ ਇਹਨਾਂ ਤੋਂ ਖੁੰਝ ਨਾ ਜਾਣਾ, ਇਹ ਉਸ ਸਮੇਂ ਤੋਂ ਲੈ ਕੇ ਯਹੂਦੀਆਂ ਦੇ ਅੰਤ ਤਕ ਪ੍ਰਗਟ ਕਰਣਗੇ, ਅਤੇ ਯਰੂਸ਼ਲਮ ਦੇ ਅੰਤ ਨੂੰ ਵੀ, ਜਦ ਤਕ ਇੱਕ ਨਵਾਂ ਸ਼ਹਿਰ ਨਹੀਂ ਬਣਾਇਆ ਜਾਂਦਾ। ਹੁਣ,

ਔਹ, ਮੈਂ ਆਸ ਕਰਦਾ ਹਾਂ ਕਿ ਅਸੀਂ ਅੱਜ ਰਾਤ ਇਸ ਵਿੱਚ ਚੰਗੀ ਤਰ੍ਹਾਂ ਅਤੇ ਡੂੰਘਾਈ ਨਾਲ ਜਾ ਸਕੀਏ।

…*ਅਤੇ ਤੇਰੇ ਲੋਕਾਂ ਅਤੇ ਤੇਰੇ ਸ਼ਹਿਰ ਲਈ ਠਹਿਰਾਏ ਗਏ ਹਨ,*…
(ਕਾਹਦੇ ਲਈ?)…*ਅਪਰਾਧ ਨੂੰ ਮੁਕਾਉਨ ਲਈ,*…

37 ਹੁਣ ਉਸ ਨੇ ਉਸ ਨੂੰ ਕੀ ਦੱਸਿਆ? ਉਹ ਇਹ ਪਤਾ ਲਗਾਉਣ ਦੀ ਕੌਸ਼ਿਸ ਕਰ ਰਿਹਾ ਸੀ ਕਿ ਹੋਰ ਕਿੰਨਾ ਚਿਰ ਲੱਗੇਗਾ। "ਮੈਨੂੰ ਪਤਾ ਹੈ ਕਿ ਅਸੀਂ ਅੰਤ ਦੇ ਸਮੇਂ ਤੇ ਹਾਂ।" ਜਿਵੇਂ ਅਸੀਂ ਹੁਣ ਹਾਂ, "ਪ੍ਰਭੂ…"

38 ਅੱਜ ਰਾਤ, ਇਸ ਸੰਗਤ ਵਿੱਚ ਕਿੰਨੇ ਲੋਕ, ਮੰਨਦੇ ਹਨ ਕਿ ਅਸੀਂ ਅੰਤ ਦੇ ਸਮੇਂ ਵਿੱਚ ਹਾਂ? ਕਹੋ, "ਆਮੀਨ।" [ਸੰਗਤ ਕਹਿੰਦੀ ਹੈ, "ਆਮੀਨ।"—ਸੰਪਾ.] ਤੁਹਾਡਾ ਧੰਨਵਾਦ। ਅਸੀਂ ਅੰਤ ਤੇ ਹਾਂ। ਹੁਣ ਅਸੀਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਪਰਮੇਸ਼ੁਰ ਦੁਆਰਾ, ਕਿਸ ਇਸ ਨੂੰ ਹੋਰ ਕਿੰਨਾ ਚਿਰ ਲੱਗਣ ਵਾਲਾ ਹੈ। ਅਸੀਂ ਕਿਸ ਦਿਨ ਵਿੱਚ ਜੀ ਰਹੇ ਹਾਂ? ਇਸੇ ਲਈ ਅਸੀਂ ਵਾਪਸ ਜਾ ਰਹੇ ਹਾਂ ਅਤੇ ਇਨ੍ਹਾਂ ਨਬੀਆਂ ਨੂੰ ਚੁੱਕ ਰਹੇ ਹਾਂ, ਅਤੇ ਵਗੈਰਾ-ਵਗੈਰਾ, ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅਸੀਂ ਕਿੱਥੇ ਹਾਂ।

39 ਅਤੇ ਇਹੀ ਹੈ ਜੋ ਦਾਨੀਏਲ ਨੇ ਕੀਤਾ ਸੀ। ਉਸਨੇ ਆਪਣਾ ਮੂੰਹ ਪਰਮੇਸ਼ੁਰ ਵੱਲ ਕੀਤਾ। ਅੱਜ ਕਿੰਨੇ ਲੋਕਾਂ ਨੇ ਦਾਨੀਏਲ 9 ਪੜ੍ਹਿਆ ਹੈ? ਆਪਣੇ ਹੱਥ ਉੱਪਰ ਚੁੱਕੋ। ਠੀਕ ਹੈ। ਤੁਸੀਂ ਉਸਦੀ ਪ੍ਰਾਰਥਨਾ ਦੇਖੋ, ਉਸਨੇ ਕਿਵੇਂ ਆਪਣੇ ਲੋਕਾਂ ਲਈ ਤਰਲੇ ਬੇਨਤੀਆਂ ਕੀਤੀਆਂ, ਅਤੇ ਉਸਦੀਆਂ ਆਪਣੇ ਲਈ ਬੇਨਤੀਆਂ। ਉਹ ਇਹ ਪੱਕਾ ਕਰਨਾ ਚਾਹੁੰਦਾ ਸੀ ਕਿ ਉਸ ਨੂੰ ਪਤਾ ਲੱਗ ਜਾਵੇ ਕਿ ਉਹ ਵਾਪਸ ਕਦੋਂ ਜਾ ਰਹੇ ਸਨ, ਕਿਉਂਕਿ ਉਹ ਲੋਕਾਂ ਨੂੰ ਵਾਪਸ ਜਾਣ ਲਈ ਤਿਆਰ ਕਰਨਾ ਚਾਹੁੰਦਾ ਸੀ।

ਹੁਣ, ਜੋ ਮੈਂ ਕਰਨ ਦੀ ਕੌਸ਼ਿਸ ਕਰ ਰਿਹਾ ਹਾਂ, ਉਹ ਇਹ ਹੈ ਕਿ ਪਤਾ ਲੱਗਾਵਾਂ ਕਿ ਅਸੀਂ ਉੱਪਰ ਕਦੋਂ ਜਾ ਰਹੇ ਹਾਂ, ਅਤੇ ਲੋਕਾਂ ਨੂੰ ਉੱਪਰ ਜਾਣ ਲਈ ਤਿਆਰ ਕਰਾਂ, ਜੋ ਤਿਆਰ ਸਨ। ਅਤੇ ਅਸੀਂ ਪ੍ਰਾਰਥਨਾਵਾਂ ਅਤੇ ਬੇਨਤੀਆਂ ਰਾਹੀਂ, ਇਹ ਪਤਾ ਲਗਾਉਣ ਲਈ ਆਪਣਾ ਮੂੰਹ ਪਰਮੇਸ਼ੁਰ ਵੱਲ ਕੀਤਾ ਹੈ, "ਪ੍ਰਭੂ, ਅਸੀਂ ਕਿਸ ਸਮੇਂ ਵਿੱਚ ਜੀ ਰਹੇ ਹਾਂ?"

40 ਅਸੀਂ ਇਹ ਸਾਰੀਆਂ ਵੱਖੋ-ਵੱਖਰੀਆਂ ਚੀਜ਼ਾਂ ਵਾਪਰਦੀਆਂ ਦੇਖੀਆਂ ਹਨ; ਅਸੀਂ ਦੁਨੀਆਂ ਨੂੰ ਹਫੜਾ-ਦਫੜੀ ਵਿੱਚ ਦੇਖਦੇ ਹਾਂ। ਅਸੀਂ ਵੇਖਦੇ ਹਾਂ ਕਿ ਸਮਾਂ ਨੇੜੇ ਹੈ। ਸ-…ਹੱਥ ਲਿਖਤ ਕੰਧ ਉੱਤੇ ਹੈ, ਉਹ ਸਭ ਕੁਝ ਜੋ ਪਰਮੇਸ਼ੁਰ ਨੇ ਕਿਹਾ ਸੀ। ਅਸੀਂ ਆਪਣੇ ਰਾਸ਼ਟਰਪਤੀ ਨੂੰ ਇੱਕ ਹੋਰ ਯੁੱਧ ਬਾਰੇ ਗੱਲ

ਕਰਦੇ ਸੁਣਦੇ ਹਾਂ, ਜੋ ਹੁਣੇ ਆ ਰਿਹਾ ਹੈ। ਅਸੀਂ ਭਵਿੱਖਬਾਣੀ ਸੁਣਦੇ ਹਾਂ, "ਅੰਦਰ, ਔਹ, ਜੰਗ ਤੋਂ ਕੁਝ ਘੰਟਿਆਂ ਬਾਅਦ, ਭਵਿੱਖਬਾਣੀ ਕੀਤੀ ਗਈ ਹੈ ਕਿ ਦੇਸ਼ ਜਵਾਲਾਮੁਖੀ ਦੀ ਰਾਖ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੋਣਗੇ।" ਅਤੇ ਅਸੀਂ ਜਾਣਦੇ ਹਾਂ ਕਿ ਇਹ ਸਾਡੇ ਨੇੜੇ ਹੀ ਹੈ।

ਤਾਂ ਅਸੀਂ ਜਾਣਦੇ ਹਾਂ, ਇਸ ਤੋਂ ਪਹਿਲਾਂ ਕਿ ਇਹ ਵਾਪਰੇ, ਕਲੀਸਿਯਾ ਨੂੰ ਜਾਣਾ ਪਵੇਗਾ। ਇਸ ਲਈ, "ਪ੍ਰਭੂ, ਅਸੀਂ ਕਿੱਥੇ ਹਾਂ?" ਇਹੀ ਕਾਰਨ ਹੈ ਕਿ ਮੈਂ ਵਿਸ਼ਵਾਸ ਕਰਦਾ ਹਾਂ ਕਿ ਉਹ ਸਾਨੂੰ ਦੱਸੇਗਾ। ਅਸੀਂ ਇਹ ਪਤਾ ਲਗਾਉਣ ਲਈ ਆਪਣੇ ਚਿਹਰੇ ਤਿਆਰ ਕੀਤੇ ਹਨ। ਹੁਣ, ਪਹਿਲਾਂ, ਆਓ ਪਤਾ ਕਰੀਏ।

*ਸੱਤਰ ਸਾਤੇ ਤੇਰੇ ਲੋਕਾਂ...ਅਤੇ ਤੇਰੇ ਪਵਿੱਤ੍ਰ ਸ਼ਹਿਰ ਲਈ ਠਹਿਰਾਏ ਗਏ ਹਨ ਭਈ ਉਸ ਸਮੇਂ ਵਿੱਚ ਉਹ ਉਸ ਅਪਰਾਧ ਨੂੰ ਮੁਕਾਏ,...ਅਤੇ ਪਾਪਾਂ ਦਾ ਅੰਤ ਕਰੇ, ਅਤੇ ਬੁਰਿਆਈ ਦਾ ਪਰਾਸਚਿਤ ਕਰੇ,...ਅਤੇ ਸਦਾ ਦਾ ਧਰਮ ਲਿਆਵੇ,...ਅਤੇ ਦਰਿਸ਼ਟ ਅਰ ਅਗੰਮ ਵਾਕ ਉੱਤੇ ਮੋਹਰ ਲਾਵੇ, ਅਤੇ ਅੱਤ ਪਵਿੱਤ੍ਰ ਨੂੰ ਮਸਹ ਕਰੇ।*

41 ਇਹ ਜਿਬਰਾਏਲ ਦੀ ਮੁਲਾਕਾਤ ਦਾ ਛੇ-ਪੱਖੀ ਉਦੇਸ਼ ਸੀ।

42 ਹੁਣ ਆਓ ਨੰਬਰ ਇੱਕ ਤੋਂ ਸ਼ੁਰੂ ਕਰੀਏ। ਜੇ ਤੁਸੀਂ ਇਸਨੂੰ ਨਿਸ਼ਾਨਬੱਧ ਕਰਨਾ ਚਾਹੁੰਦੇ ਹੋ, ਜਿਨ੍ਹਾਂ ਕੋਲ ਪੈਨਸਿਲਾਂ ਹਨ। ਨੰਬਰ ਇੱਕ, "ਅਪਰਾਧ ਨੂੰ ਮੁਕਾਏ," ਇਹ ਪਹਿਲੀ ਗੱਲ ਹੈ। ਹੁਣ, ਇਸਰਾਏਲ ਦੇ ਅਪਰਾਧ ਨੂੰ ਮੁਕਾਉਣ ਲਈ, ਜਿਸਨੇ ਪਰਮੇਸ਼ੁਰ ਦੇ ਵਿਰੁੱਧ ਅਪਰਾਧ ਕੀਤਾ ਸੀ, ਯਾਕੂਬ ਦੀ ਅਧਰਮ ਨੂੰ ਦੂਰ ਕੀਤਾ ਜਾਵੇਗਾ।

ਹੁਣ, ਇਸਨੂੰ ਲੱਭਣ ਲਈ, ਆਓ ਰੋਮੀਆਂ ਵੱਲ ਮੁੜੀਏ। ਰੋਮੀਆਂ ਦਾ 11ਵਾਂ ਅਧਿਆਇ, ਅਤੇ ਰੋਮੀਆਂ 11 ਦੀ 21ਵੀਂ ਆਇਤ ਨਾਲ ਸ਼ੁਰੂ ਕਰੀਏ। ਹੁਣ ਅਸੀਂ ਕਿਸ ਵੱਲ ਜਾ ਰਹੇ ਹਾਂ? "ਅਪਰਾਧ ਨੂੰ ਮੁਕਾਏ।" ਰੋਮੀਆਂ 11:21। ਠੀਕ ਹੈ।

*ਕਿਉਂਕਿ ਜਦੋਂ ਪਰਮੇਸ਼ੁਰ ਨੇ ਅਸਲੀ ਡਾਲੀ ਨੂੰ ਨਾ ਛੱਡਿਆ,...* (ਉਹ ਕੌਣ ਸੀ? ਇਸਰਾਏਲ।)*...ਤਾਂ ਧਿਆਨ ਰੱਖ ਨਹੀਂ ਤਾਂ... ਤੈਨੂੰ ਵੀ ਨਾ ਛੱਡੇਗਾ।*

ਹੁਣ, ਮੈਂ ਤੁਹਾਨੂੰ ਚਾਹੁੰਦਾ ਹਾਂ, ਜਦੋਂ ਤੁਸੀਂ ਘਰ ਜਾਓ, ਤਾਂ ਇਸ ਸਾਰੇ 11ਵੇਂ ਅਧਿਆਏ ਨੂੰ ਪੜ੍ਹੋ। ਮੈਂ ਇਸਨੂੰ ਪੜ੍ਹ ਰਿਹਾ ਹਾਂ ਤਾਂ ਜੋ...ਪੂਰੇ 11ਵੇਂ ਅਧਿਆਇ ਤੇ ਨਿਸ਼ਾਨ ਲੱਗਾ ਲਵੋ, ਅਤੇ ਇਸਨੂੰ ਪੜ੍ਹੋ।

*...ਤੈਨੂੰ ਵੀ ਨਾ ਛੱਡੇਗਾ।*

*ਸੋ ਪਰਮੇਸ਼ੁਰ ਦੀ ਦਿਆਲਗੀ...ਕਰੜਾਈ ਵੇਖ: ਕਰੜਾਈ ਓਹਨਾਂ ਉੱਤੇ ਜਿਹੜੇ ਡਿੱਗ ਪਏ ਹਨ,...ਪਰ ਪਰਮੇਸ਼ੁਰ ਦੀ ਦਿਆਲਗੀ ਤੇਰੇ ਉੱਤੇ ਜੇ ਤੂੰ ਉਹ ਦੀ ਦਿਆਲਗੀ ਵਿੱਚ ਟਿਕਿਆ ਰਹੇਂ: ਨਹੀਂ ਤਾਂ ਤੂੰ...ਵੱਢਿਆ ਜਾਵੇਂਗਾ, ਤੂੰ ਵੀ ਵੱਢਿਆ ਜਾਵੇਂਗਾ।*

*ਅਤੇ ਓਹ ਵੀ, ਜੋ ਬੇਪਰਤੀਤੀ ਵਿੱਚ ਟਿੱਕੇ ਨਾ ਰਹਿਣ...ਜੋ ਬੇਪਰਤੀਤੀ ਵਿੱਚ ਟਿੱਕੇ ਨਾ ਰਹਿਣ ਤਾਂ ਪੇਉਂਦ ਚਾੜ੍ਹੇ ਜਾਣਗੇ: ਕਿਉਂ ਜੋ ਪਰਮੇਸ਼ੁਰ ਨੂੰ ਸਮਰੱਥਾ ਹੈ ਜੋ ਉਨ੍ਹਾਂ ਨੂੰ ਫੇਰ ਪੇਉਂਦ ਚਾੜ੍ਹੇ।*

ਦੇਖੋ, ਇਹ ਦੱਸ ਰਿਹਾ ਹੈ ਕਿ ਇੱਕ ਸਮਾਂ ਹੋਵੇਗਾ ਜਦੋਂ ਪਰਾਈਆਂ ਕੌਮਾਂ ਨੂੰ ਕੱਟ ਦਿੱਤਾ ਜਾਵੇਗਾ, ਅਤੇ ਇਸਰਾਏਲ ਦੁਬਾਰਾ ਵਾਪਸ ਆ ਜਾਵੇਗਾ।

*ਕਿਉਂਕਿ ਜੇ ਤੂੰ ਉਸ ਜ਼ੈਤੂਨ ਦੇ ਰੁੱਖ ਨਾਲੋਂ—ਨਾਲੋਂ ਵੱਢਿਆ ਗਿਆ ਜਿਹੜਾ ਸੁਭਾਉ ਕਰਕੇ ਜੰਗਲੀ* (ਪਰਾਈਆਂ ਕੌਮਾਂ), *ਅਤੇ ਸੁਭਾਉ ਦੇ ਵਿਰੁੱਧ ਚੰਗੇ ਜ਼ੈਤੂਨ ਦੇ ਰੁੱਖ ਨੂੰ ਪੇਉਂਦ ਚਾੜ੍ਹਿਆ ਗਿਆ...*

ਅਸੀਂ ਸੁਭਾਉ ਦੇ ਵਿਰੁੱਧ ਸੀ, ਪਰਾਏ ਸਾਂ, ਬਿਨਾਂ ਦਇਆ ਦੇ, ਬਿਨਾਂ ਪਰਮੇਸ਼ੁਰ ਦੇ, ਬਿਲਕੁਲ ਕੋਈ ਵੀ ਆਸ ਨਹੀਂ ਸੀ। ਅਤੇ ਪਰਮੇਸ਼ੁਰ ਨੇ, ਆਪਣੀ ਦਯਾ ਨਾਲ, ਸਾਨੂੰ ਮੌਕਾ ਦੇ ਕੇ, ਧਰਮੀ ਇਸਰਾਏਲ ਨੂੰ ਅਪਰਾਧਾਂ ਦੇ ਕਾਰਨ ਕੱਟ ਸੁੱਟਿਆ, ਅਤੇ ਉਨ੍ਹਾਂ ਨੂੰ ਪਾਸੇ ਕਰ ਦਿੱਤਾ, ਇੱਛਾ-... ਪਾਲਤੂ ਜ਼ੈਤੂਨ ਦਾ ਰੁੱਖ, ਅਤੇ ਸੁਭਾਉ ਦੇ ਉਲਟ ਇੱਕ ਜੰਗਲੀ ਜ਼ੈਤੂਨ ਦਾ ਰੁੱਖ ਲਿਆਂਦਾ।

*...ਇੱਕ ਚੰਗੇ ਨੂੰ...ਰੁੱਖ ਨੂੰ ਪੇਉਂਦ ਚਾੜ੍ਹਿਆ ਗਿਆ: ਤਾਂ ਏਹ ਜਿਹੜੀਆਂ ਅਸਲੀ ਡਾਲੀਆਂ ਹਨ, ਆਪਣੇ ਹੀ ਜ਼ੈਤੂਨ ਦੇ ਰੁੱਖ ਨੂੰ ਕਿੰਨਾ ਕੁ ਵਧ ਕੇ ਪੇਉਂਦ ਨਾ ਚਾੜ੍ਹੀਆਂ ਜਾਣਗੀਆਂ?*

ਠੀਕ ਹੈ, ਚਲੋ ਅੱਗੇ ਪੜ੍ਹਦੇ ਹਾਂ।

*ਹੁਣ ਹੇ ਭਰਾਵੋ, ਕਿਤੇ ਐਉਂ ਨਾ ਹੋਵੇ ਜੋ ਤੁਸੀਂ ਆਪਣੀ ਜਾਚ ਵਿੱਚ ਸਿਆਣੇ ਬਣ ਬੈਠੋ, ਮੈਂ ਚਾਹੁੰਦਾ ਹਾਂ ਜੋ ਤੁਸੀਂ ਇਸ ਭੇਤ ਤੋਂ ਅਣਜਾਣ ਨਾ ਰਹੋ; ਭਈ ਕੁਝ ਕਠੋਰਤਾ ਇਸਰਾਏਲ ਉੱਤੇ ਆਣ ਪਈ ਹੈ ਅਤੇ ਪਈ ਰਹੇਗੀ ਜਿੰਨਾ ਚਿਰ ਪਰਾਈਆਂ ਕੌਮਾਂ...ਦੀ ਭਰਪੂਰੀ ਨਾ ਹੋ ਲਵੇ।*

43 ਜਦ ਤੱਕ ਪਰਮੇਸ਼ੁਰ ਨੇ ਪਰਾਈਆਂ ਕੌਮਾਂ ਨਾਲ ਆਪਣਾ ਕੰਮ ਪੂਰਾ ਨਹੀਂ ਕਰ ਲਿਆ, ਇਸਰਾਏਲ ਅੰਨ੍ਹਾ ਕੀਤਾ ਗਿਆ। ਉਹ ਪਾਪਾਂ ਅਤੇ ਪਰਮੇਸ਼ੁਰ

ਵਿਰੁੱਧ ਅਪਰਾਧਾਂ ਵਿੱਚ ਚਲੇ ਗਏ, ਕਿਉਂਕਿ ਪਰਮੇਸ਼ੁਰ ਨੇ ਉਹਨਾਂ ਦੀਆਂ ਅੱਖਾਂ ਅੰਨ੍ਹੀਆਂ ਕਰ ਦਿੱਤੀਆਂ, ਤਾਂ ਜੋ ਅਸੀਂ ਪੇਉਂਦ ਕੀਤੇ ਜਾ ਸਕੀਏ। ਤੁਸੀਂ ਇਸਨੂੰ ਸਮਝੇ? ਹੁਣ 26ਵੀਂ ਆਇਤ:

*ਅਤੇ ਇਸੇ ਤਰਾਂ ਸਾਰਾ ਇਸਰਾਏਲ ਬਚ ਜਾਵੇਗਾ:...*

44 ਪਰਮੇਸ਼ੁਰ ਨੇ ਉਹਨਾਂ ਨੂੰ ਜਾਨ-ਬੁੱਝ ਕੇ ਤੁਹਾਡੇ ਅਤੇ ਮੇਰੇ ਲਈ ਅੰਨ੍ਹਾ ਕੀਤਾ। ਉਹ ਦੇਖ ਨਹੀਂ ਸਕਦੇ, ਕਿਉਂਕਿ ਪਰਮੇਸ਼ੁਰ ਨੇ ਉਹਨਾਂ ਨੂੰ ਅੰਨ੍ਹਾ ਕੀਤਾ ਹੈ। ਅਤੇ ਸਾਰਾ ਇਸਰਾਏਲ, ਅਸਲੀ ਇਸਰਾਏਲ, ਬਚਾਇਆ ਜਾਵੇਗਾ। ਦੂਤ ਨੇ ਕੀ ਕਿਹਾ ਸੀ? ਮਹਿਮਾ ਹੋਵੇ! "ਇਸਰਾਏਲ ਦਾ ਅਪਰਾਧ ਮੁਕਾਏ! ਮੈਂ ਤੁਹਾਨੂੰ ਇਹ ਦੱਸਣ ਆਇਆ ਹਾਂ ਕਿ ਇੱਕ ਸਮਾਂ ਆਵੇਗਾ ਜਦੋਂ ਇਸਰਾਏਲ ਦਾ ਅਪਰਾਧ ਖਤਮ ਹੋ ਜਾਵੇਗਾ।" ਪਰਮੇਸ਼ੁਰ ਉਸ ਜੰਗਲੀ ਡਾਲੀ ਨੂੰ ਕੱਟ ਦੇਵੇਗਾ, ਅਤੇ ਉਸ ਅਸਲੀ ਟਾਹਣੀ ਨੂੰ, ਦੁਬਾਰਾ ਪੇਉਂਦ ਚਾੜ੍ਹੇਗਾ।

45 ਔਹ, ਕਈ ਵਾਰੀ ਮੇਰਾ ਦਿਲ ਝਟਕਾ ਖਾ ਜਾਂਦਾ ਹੈ, ਜਦ ਮੈਂ ਉਹਨਾਂ ਗਰੀਬ, ਦੁਖੀ ਲੋਕਾਂ ਨੂੰ ਉੱਥੇ ਕੱਟੇ ਹੋਏ ਵੇਖਦਾ ਹਾਂ, ਜਿਨ੍ਹਾਂ ਨੂੰ ਪਤਾ ਹੀ ਨਹੀਂ ਕਿ ਉਹ ਕਿੱਥੇ ਜਾ ਰਹੇ ਹਨ; ਅਤੇ ਇਹ ਸੋਚਦਾ ਹਾਂ ਕਿ ਪਰਮੇਸ਼ੁਰ ਨੇ, ਆਪਣੀ ਦਇਆ ਵਿੱਚ, ਇਹ ਇਸ ਲਈ ਕੀਤਾ ਤਾਂ ਜੋ ਮੈਂ ਬਚਾਇਆ ਜਾ ਸਕਾਂ। ਉਸ ਨੇ ਉਹਨਾਂ ਦੀਆਂ ਅੱਖਾਂ ਆਪਣੇ ਹੀ ਮਸੀਹਾ ਤੋਂ ਅੰਨ੍ਹੀਆਂ ਕਰ ਦਿੱਤੀਆਂ, ਉਹਨਾਂ ਦੇ ਕੰਨ ਬੰਦ ਕਰ ਦਿੱਤੇ ਤਾਂ ਜੋ ਉਹ ਉਸਨੂੰ ਸੁਣ ਨਾ ਸਕਣ; ਹਾਲਾਂਕਿ, ਉਹ ਸਿੱਧਾ-ਸਿੱਧਾ ਉਸਦੇ ਚਮਤਕਾਰਾਂ ਵੱਲ ਵੇਖਦੇ ਰਹੇ, ਉਸਦੇ ਚਮਤਕਾਰਾਂ ਅਤੇ ਉਹਨਾਂ ਕੰਮਾਂ ਵੱਲ ਜੋ ਉਹ ਕਰ ਰਿਹਾ ਸੀ।

46 ਮੱਤੀ ਵਿੱਚ, ਮੈਨੂੰ ਯਕੀਨ ਹੈ, 12ਵਾਂ ਅਧਿਆਇ, ਜਾਂ 8ਵਾਂ ਜਾਂ 12ਵਾਂ ਅਧਿਆਇ ਹੈ, ਕਿਹਾ ਗਿਆ ਹੈ, "ਭਾਵੇਂ ਯਿਸੂ ਨੇ ਬਹੁਤ ਸਾਰੇ ਚਮਤਕਾਰ ਕੀਤੇ, ਫਿਰ ਵੀ ਉਹ ਵਿਸ਼ਵਾਸ ਨਾ ਕਰ ਸਕੇ।" ਕਿਉਂਕਿ, ਪਰਮੇਸ਼ੁਰ ਨੇ ਕਿਹਾ, "ਉਹਨਾਂ ਕੋਲ ਅੱਖਾਂ ਤਾਂ ਹਨ ਪਰ ਉਹ ਦੇਖ ਨਹੀਂ ਸਕਦੇ, ਅਤੇ ਕੰਨ ਤਾਂ ਹਨ ਪਰ ਸੁਣ ਨਹੀਂ ਸਕਦੇ; ਮਤੇ ਉਹ ਆਪਣੀਆਂ ਅੱਖਾਂ ਨਾਲ ਦੇਖਣ ਅਤੇ ਕੰਨਾਂ ਨਾਲ ਸੁਣਨ, ਅਤੇ ਮੈਂ ਉਹਨਾਂ ਨੂੰ ਬਦਲ ਦੇਵਾਂ।" ਪਰ, ਇਸ ਲਈ ਜੋ ਸਾਨੂੰ ਮੌਕਾ ਮਿਲੇ, ਉਸ ਨੇ ਆਪਣੇ ਹੀ ਬੱਚਿਆਂ ਦੀਆਂ ਅੱਖਾਂ ਤੇ ਪਰਦਾ ਪਾ ਦਿੱਤਾ, ਆਪਣੇ ਹੀ ਬੱਚਿਆਂ ਨੂੰ ਮੇਜ਼ ਤੋਂ ਮੋੜ ਦਿੱਤਾ, ਅਤੇ ਉਹਨਾਂ ਨੂੰ ਆਤਮਾ ਦੀ ਕਮਜੋਰੀ ਵਿੱਚ ਛੱਡ ਦਿੱਤਾ, ਤਾਂ ਜੋ ਉਹ ਲੱਭ ਸਕੇ...ਤਾਂ ਜੋ ਸਾਨੂੰ ਜੀਊਣ ਦਾ ਮੌਕਾ ਮਿਲੇ, ਸਾਨੂੰ ਜੀਵਨ ਦੇ ਸਕੇ। 26ਵੀਂ ਆਇਤ, ਦੁਬਾਰਾ।

*ਅਤੇ ਇਸੇ ਤਰਾਂ ਸਾਰਾ ਇਸਰਾਏਲ ਬਚ ਜਾਵੇਗਾ: ਜਿਵੇਂ ਲਿਖਿਆ ਹੋਇਆ ਹੈ, ਇਸਰਾਏਲ ਦਾ ਛੁਡਾਉਣ ਵਾਲਾ ਸੀਯੋਨ ਤੋਂ ਨਿੱਕਲੇਗਾ,*

*ਉਹ ਯਾਕੂਬ ਤੋਂ ਅਭਗਤੀ ਹਟਾਵੇਗਾ:*

47 ਹਾਂ, ਉਹ ਇਹਨਾਂ ਦਿਨਾਂ ਵਿੱਚੋਂ ਇੱਕ ਦਿਨ, ਸੀਯੋਨ ਪਹਾੜ ਤੇ ਆਵੇਗਾ। ਜੈਤੂਨ ਦੇ ਪਹਾੜ ਤੇ, ਉਹ ਉਸਨੂੰ ਪਛਾਨਣਗੇ, ਅਤੇ ਸਾਰਾ ਇਸਰਾਏਲ ਜਾਣ ਲਵੇਗਾ ਕਿ ਇਹ ਉਹੀ ਹੈ। ਉਸ ਵੇਲੇ ਪਰਾਈਆਂ ਕੌਮਾਂ ਦਾ ਸਮਾਂ ਮੁੱਕ ਜਾਵੇਗਾ। ਉਹ ਡਾਲੀ ਜੋ ਪੇਉਂਦ ਕੀਤੀ ਗਈ ਸੀ, ਪਰਮੇਸ਼ੁਰ ਉਸ ਵਿੱਚੋਂ ਇਕੱਠਾ ਕੀਤਾ ਹੋਇਆ ਫਲ ਲੈ ਲਵੇਗਾ। ਅਤੇ ਉਹ ਜੰਗਲੀ ਡਾਲੀ...

48 ਅਤੇ ਹੁਣ ਯਾਦ ਰੱਖੋ, ਜਿਵੇਂ ਤੁਸੀਂ ਇੱਥੇ ਪਿੱਛੇ ਪੜ੍ਹਦੇ ਹੋ, ਉਸ ਨੇ ਕਿਹਾ, "ਜੇ ਉਹ ਜੜ੍ਹ ਪਵਿੱਤਰ ਸੀ, ਅਤੇ ਉਹ ਜੜ੍ਹ ਪਵਿੱਤਰ ਜੜ੍ਹ ਸੀ, ਤਾਂ ਉਸ ਪਵਿੱਤਰ ਜੜ੍ਹ ਵਿਚੋਂ ਜੋ ਫਲ ਉੱਗੇਗਾ ਉਹ ਵੀ ਪਵਿੱਤਰ ਫਲ ਲਿਆਏਗਾ।" ਅਤੇ ਜੇ ਉਹ ਜੜ੍ਹ ਯਿਸੂ ਮਸੀਹ ਸੀ, ਜੋ ਕਿ ਦਾਊਦ ਦੀ ਜੜ੍ਹ ਅਤੇ ਸੰਤਾਨ ਦੋਨੋਂ ਹੈ; ਜੇ ਉਹ ਜੀਵਨ ਉਸ ਵਿੱਚ ਸੀ, ਜੋ ਯਹੂਦੀ ਪੀੜ੍ਹੀ ਰਾਹੀਂ ਉੱਪਰ ਆਇਆ ਅਤੇ ਫਿਰ ਉਹਨਾਂ ਤੋਂ ਕੱਟਿਆ ਗਿਆ, ਅਤੇ ਉਹਨਾਂ ਦੀਆਂ ਅੱਖਾਂ ਅੰਨ੍ਹੀਆਂ ਕੀਤੀਆਂ ਗਈਆਂ ਤਾਂ ਜੋ ਅਸੀਂ ਵੇਖ ਸਕੀਏ, ਤਾਂ ਸਾਡੀ ਜ਼ਿੰਦਗੀ ਨੂੰ ਉਸ ਮੁਬਾਰਕ ਟਾਹਣੀ ਦੇ ਅਨੁਸਾਰ ਹੀ ਹੋਣਾ ਪਵੇਗਾ। ਔਹ, ਹਾਂ, ਭਾਈ। ਇਹ ਸਹੀ ਹੈ।

49 ਪਰਮੇਸ਼ੁਰ ਨੇ ਉਹਨਾਂ ਨੂੰ ਜ਼ਾਣ–ਬੁੱਝ ਕੇ ਕੱਟ ਦਿੱਤਾ, ਉਹਨਾਂ ਦੀਆਂ ਅੱਖਾਂ ਅੰਨ੍ਹੀਆਂ ਕਰ ਦਿੱਤੀਆਂ, ਤਾਂ ਜੋ ਸਾਨੂੰ ਦੇਖਣ ਦਾ ਮੌਕਾ ਮਿਲੇ। ਪਰ ਅਸੀਂ ਇਸ ਤਰਾਂ ਤੁਰਦੇ ਹਾਂ ਜਿਵੇਂ ਅਸੀਂ ਕੁਝ ਹਾਂ। ਪੌਲੁਸ ਇੱਥੇ ਉਹਨਾਂ ਨੂੰ ਆਖਦਾ ਹੈ, "ਸਾਵਧਾਨ ਰਹੋ, ਜੋ ਤੁਸੀਂ ਕਰ ਰਹੇ ਹੋ। ਸਾਵਧਾਨ ਰਹੋ! ਕਿਉਂਕਿ ਜੇ ਪਰਮੇਸ਼ੁਰ ਨੇ ਕੁਦਰਤੀ ਟਾਹਣੀ ਨੂੰ ਨਹੀਂ ਬਖ਼ਸ਼ਿਆ, ਤਾਂ ਉਹ ਜੰਗਲੀ ਟਾਹਣੀ ਉੱਤੇ ਕਿਵੇਂ ਰਹਿਮ ਕਰੇਗਾ ਜੋ ਪਹਿਲਾਂ ਹੀ..."

ਅਸੀਂ ਫਿਰ ਆਲੇ ਦੁਆਲੇ ਜਾਂਦੇ ਹਾਂ, ਕਹਿੰਦੇ ਹਾਂ, "ਮੈਂ ਪ੍ਰੈਸਬਿਟੇਰੀਅਨ ਹਾਂ! ਮੈਂ ਮੈਥਡਿਸਟ ਹਾਂ! ਮੈਂ ਬੈਪਟਿਸਟ ਹਾਂ! ਮੈਂ ਪੈਂਤੀਕੋਸਟਲ ਹਾਂ!" ਪਰਮੇਸ਼ੁਰ ਲਈ ਇਹ ਕੁਝ ਵੀ ਮਾਇਨੇ ਨਹੀਂ ਰੱਖਦਾ। ਤੁਹਾਨੂੰ ਉਸ ਪਵਿੱਤਰ ਆਤਮਾ ਤੋਂ ਦੁਬਾਰਾ ਜਨਮ ਲੈਣਾ ਪਵੇਗਾ ਜੋ ਉਸ ਜੜ ਤੋਂ ਆਇਆ ਸੀ। ਪਰ ਉਹ ਆਇਆ...

50 ਹੁਣ, ਯਾਦ ਰੱਖੋ, ਉਹ ਪਰਾਈਅਣ ਕੌਮਾਂ ਨਾਲ ਨਹੀਂ ਬੋਲ ਰਿਹਾ ਹੈ। ਮੈਂ ਇਸਨੂੰ ਇੱਥੇ ਇਸ ਲਈ ਪਾ ਰਿਹਾ ਹਾਂ ਤਾਂ ਜੋ ਤੁਸੀਂ ਦੇਖ ਸਕੋ ਕਿ ਪਰਾਈਆਂ ਕੌਮਾਂ ਦੇ ਕੋਲ ਮੌਕਾ ਕਿੱਥੇ ਹੈ।

51 ਪਰ, ਉਹ ਆਉਂਦਾ ਹੈ "ਅਪਰਾਧ ਨੂੰ ਮੁਕਾਉਣ ਲਈ," ਇਸ ਦਾ ਅੰਤ ਕਰਨ ਲਈ। ਹੁਣ, ਜੇ ਅਸੀਂ ਦੁਬਾਰਾ ਦਾਨੀਏਲ ਵਿੱਚ ਜਾਈਏ, ਅਤੇ ਸਾਨੂੰ

ਪਤਾ ਲੱਗੇਗਾ ਕਿ ਦਾਨੀਏਲ ਵਿੱਚ, ਸਾਨੂੰ ਇੱਥੇ, 24ਵੀਂ ਆਇਤ ਮਿਲੇਗੀ। ਠੀਕ ਹੈ। "ਅਪਰਾਧ ਨੂੰ ਖਤਮ ਕਰਨ ਲਈ।" ਕੀ ਖਤਮ ਕਰਨ ਲਈ? ਇਸਰਾਏਲ ਦੇ ਅਪਰਾਧ ਨੂੰ ਖਤਮ ਕਰਨ ਲਈ।

*ਅਪਰਾਧ* ਕੀ ਹੈ? ਕਿਸੇ ਚੀਜ਼ ਦੇ ਵਿਰੁੱਧ ਜਾਣਾ ਹੈ। ਮੇਰੇ ਵਿਰੁੱਧ ਅਪਰਾਧ, ਮੇਰੇ ਨਾਲ ਗਲਤ ਕਰਨਾ ਹੈ। ਤੁਹਾਡੇ ਵਿਰੁੱਧ ਅਪਰਾਧ ਕਰਨਾ, ਤੁਹਾਡੇ ਨਾਲ ਗਲਤ ਕਰਨਾ ਹੈ।

ਤਾਂ, ਇਸਰਾਏਲ ਨੇ ਪਰਮੇਸ਼ੁਰ ਨਾਲ ਗਲਤ ਕੀਤਾ। ਅਤੇ ਇਸ ਸੱਤਰਵੇਂ ਸਾਤੇ ਵਿੱਚ, ਕੀ ਹੋਣ ਵਾਲਾ ਹੈ? ਪਰਮੇਸ਼ੁਰ ਇਸਰਾਏਲ ਦੇ ਅਪਰਾਧ ਨੂੰ ਖਤਮ ਕਰਨ ਜਾ ਰਿਹਾ ਹੈ। "ਅਪਰਾਧ ਨੂੰ ਮੁਕਾਏ," ਇਹ ਹੋਵੇਗਾ, "ਯਾਕੂਬ ਤੋਂ ਦੁਸ਼ਟਤਾ ਦੂਰ ਕਰ ਰਿਹਾ ਹੈ।" ਅਤੇ ਫਿਰ ਸਾਰਾ ਇਸਰਾਏਲ ਦੁਬਾਰਾ ਜਨਮ ਲਵੇਗਾ। ਉਹ ਸਾਰੇ ਪਵਿੱਤਰ ਆਤਮਾ ਪ੍ਰਾਪਤ ਕਰਨਗੇ।

ਹੁਣ, ਨੰਬਰ ਦੋ, ਇਸਨੂੰ ਆਪਣੇ ਕਾਗਜ਼ ਤੇ ਲਿਖੋ।

52 ਅਸੀਂ ਇਸ ਤੇ ਬਹੁਤ ਸਮਾਂ ਰੁਕ ਸਕਦੇ ਹਾਂ, ਪਰ ਮੈਂ ਇਸ ਤੇ ਪ੍ਰਚਾਰ ਨਹੀਂ ਕਰਨਾ ਚਾਹੁੰਦਾ। ਬਸ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹਾਂ, ਤਾਂ ਜੋ ਇਹ ਗੱਲ ਤੁਹਾਡੇ ਦਿਲ ਦੇ ਨੇੜੇ ਉਤਰ ਜਾਵੇ। ਜਦੋਂ ਅਸੀਂ ਇਹ ਸੱਤ ਮੋਹਰਾਂ ਵਿੱਚ ਪਰਵੇਸ਼ ਕਰਾਂਗੇ, ਤਾਂ ਤੁਸੀਂ ਸਿੱਧੇ ਹੀ ਕਲੀਸਿਆ ਵਿਚੋਂ ਹੁੰਦਿਆਂ, ਮੋਹਰਾਂ ਵਿਚੋਂ ਹੁੰਦਿਆਂ, ਮਹਾਂਮਾਰੀਆਂ ਵਿਚੋਂ ਲੰਘਦਿਆਂ, ਅਤੇ ਅਸੀਂ ਜਾਣ ਲਵਾਂਗੇ ਕਿ ਅਸੀਂ ਕਿੱਥੇ ਖੜੇ ਹਾਂ। ਠੀਕ ਹੈ।

53 ਨੰਬਰ ਦੋ, "ਪਾਪਾਂ ਦਾ ਅੰਤ ਕਰੇ।" ਹੁਣ ਚਲੋ ਦੁਬਾਰਾ ਪੜ੍ਹੀਏ, ਦਾਨੀਏਲ।

*...ਅਪਰਾਧ ਨੂੰ...ਮੁਕਾਏ, ਅਤੇ—ਅਤੇ ਪਾਪਾਂ ਦਾ ਅੰਤ ਕਰੇ,...*

ਇਹ ਉਸਦੇ ਆਉਣ ਦਾ ਦੂਜਾ ਉਦੇਸ਼ ਹੈ। ਪਹਿਲਾ, ਇਸਰਾਏਲ ਦੇ ਅਪਰਾਧ ਨੂੰ ਮੁਕਾਏ; ਅਤੇ ਪਾਪਾਂ ਦਾ ਅੰਤ ਕਰੇ। ਇਸਰਾਏਲ ਨੇ ਪਾਪ ਕਿੱਥੇ ਕੀਤਾ? ਉਹਨਾਂ ਨੇ ਆਪਣਾ ਸਭ ਤੋਂ ਵੱਡਾ ਪਾਪ ਕਿੱਥੇ ਕੀਤਾ? ਉਹਨਾਂ ਨੇ ਆਪਣੇ ਆਪ ਨੂੰ ਪਰਮੇਸ਼ੁਰ ਤੋਂ ਕਿੱਥੇ ਵੱਖਰਾ ਕਰ ਲਿਆ?

54 ਹੁਣ ਧਿਆਨ ਨਾਲ ਸੁਣੋ। ਆਓ ਸੰਤ ਮੱਤੀ 24 ਵੱਲ ਮੁੜੀਏ। ਅਤੇ ਇਹ ਉਹ ਥਾਂ ਹੈ ਜਿੱਥੇ ਇਜ਼ਰਾਈਲ ਨੇ ਆਪਣੀ ਘਾਤਕ ਗਲਤੀ ਕੀਤੀ। ਇਹ ਉਹ ਥਾਂ ਹੈ ਜਿੱਥੇ ਉਸਨੇ ਆਪਣਾ ਆਖਰੀ ਪਾਪ ਕੀਤਾ ਸੀ, ਅਤੇ ਇਸੇ ਕਾਰਨ ਉਹ ਅੱਜ ਉਹ ਇਸ ਹਾਲਤ ਵਿੱਚ ਹੈ। ਮੱਤੀ, ਸੰਤ ਮੱਤੀ ਦੀ ਇੰਜੀਲ ਦਾ 27ਵਾਂ ਅਧਿਆਏ, ਅਤੇ 27ਵੇਂ ਅਧਿਆਏ ਦੀ 25ਵੀਂ ਆਇਤ। ਆਓ 21ਵੀਂ ਆਇਤ ਤੋਂ ਸ਼ੁਰੂ ਕਰੀਏ।

*ਫੇਰ ਹਾਕਮ ਨੇ ਅੱਗੋ ਉਨ੍ਹਾਂ ਨੂੰ ਆਖਿਆ, ਤੁਸੀਂ ਦੋਹਾਂ ਵਿੱਚੋਂ ਕਿਹ ਨੂੰ ਚਾਹੁੰਦੇ ਹੋ ਜੋ ਮੈਂ ਤੁਹਾਡੀ ਖ਼ਾਤਰ ਛੱਡ ਦਿਆਂ? ਅਤੇ ਓਹ ਬੋਲੇ, ਬਰੱਬਾ ਨੂੰ।*

ਹੁਣ ਯਾਦ ਰੱਖੋ, ਇਹ ਇਜ਼ਰਾਈਲ ਹੈ। “ਬਰੱਬਾ ਨੂੰ!”

*ਪਿਲਾਤੁਸ ਨੇ ਉਨ੍ਹਾਂ ਨੂੰ* ਕਿਹਾ, *ਫੇਰ ਯਿਸੂ ਨੂੰ ਜਿਹੜਾ ਮਸੀਹ ਕਹਾਉਂਦਾ ਹੈ...ਮੈਂ ਕੀ ਕਰਾਂ?* (ਉਨ੍ਹਾਂ ਨੂੰ ਸੁਣੋ!) *ਉਨ੍ਹਾਂ ਸਾਰਿਆਂ ਨੇ ਉਸਨੂੰ* ਕਿਹਾ, *ਉਸਨੂੰ ਸਲੀਬ ਦਿਓ।*

ਯਾਦ ਰੱਖੋ, ਉਹ ਉਹਨਾਂ ਦਾ ਮਸੀਹਾ ਹੈ ਜਿਸ ਬਾਰੇ ਦਾਨੀਏਲ ਨੇ ਕਿਹਾ ਸੀ ਕਿ ਉਹ ਆਏਗਾ। ਅੱਜ ਸਵੇਰੇ ਯਾਦ ਰੱਖੋ, ਇੱਥੇ ਇਸ ਪਾਠ ਵਿੱਚ, “ਉਹ ਕੱਟਿਆ ਜਾਵੇਗਾ, ਆਪਣੇ ਲਈ ਨਹੀਂ,” ਉਸ ਨੇ ਕੁਝ ਨਹੀਂ ਕੀਤਾ ਸੀ।

*...ਉਸ ਨੂੰ ਸਲੀਬ ਦਿੱਤੀ ਜਾਵੇ।*

*ਅਤੇ ਹਾਕਮ ਨੇ ਕਿਹਾ, ਕਿਉਂ, ਉਹ ਨੇ ਕੀ ਬੁਰਿਆਈ ਕੀਤੀ ਹੈ? ਪਰ ਉਨ੍ਹਾਂ ਨੇ ਹੋਰ ਵੀ ਡੰਡ ਪਾਈ, ਇਹ ਕਹਿੰਦੇ ਹੋਏ, ਕਿ ਇਹ ਨੂੰ ਸਲੀਬ ਦਿਓ।*

ਜਦ *ਪਿਲਾਤੁਸ ਨੇ ਵੇਖਿਆ ਜੋ ਕੁਝ ਨਹੀਂ ਬਣਦਾ, ਸਗੋਂ...ਹੋਰ ਵੀ ਰੌਲਾ ਪੈਂਦਾ ਜਾਂਦਾ ਹੈ, ਅਤੇ ਉਹ ਨੇ ਪਾਣੀ ਲਿਆ, ਅਤੇ ਲੋਕਾਂ ਦੇ ਸਾਹਮਣੇ ਆਪਣੇ ਹੱਥ ਧੋਤੇ, ਅਤੇ ਕਿਹਾ, ਮੈਂ ਇਸ ਧਰਮੀ ਵਿਅਕਤੀ ਦੇ ਲਹੂ ਤੋਂ ਨਿਰਦੋਸ਼ ਹਾਂ: ਤੁਸੀਂ...ਜਾਣੋ।*

55 ਸੁਣੋ! ਇੱਥੇ ਉਨ੍ਹਾਂ ਦੀ ਗਲਤੀ ਹੈ। ਇੱਥੇ ਉਨ੍ਹਾਂ ਦਾ ਪਾਪ ਹੈ।

*ਤਾਂ ਲੋਕਾਂ ਨੇ...ਉੱਤਰ ਦਿੱਤਾ, ਅਤੇ ਕਿਹਾ, ਉਹ ਦਾ ਲਹੂ ਸਾਡੇ ਉੱਤੇ, ਅਰ ਸਾਡੀ ਉਲਾਦ ਉੱਤੇ ਹੋਵੇ!*

56 ਉਥੇ ਹੀ ਉਹਨਾਂ ਨੇ ਇਹ ਕੀਤਾ। ਉਹ ਉਹਨਾਂ ਲਈ ਪਾਪ ਦਾ ਅੰਤ ਕਰ ਰਿਹਾ ਸੀ। ਉਹ ਉਨ੍ਹਾਂ ਨੂੰ ਮਾਫ਼ ਕਰਨ ਤੋਂ ਇਲਾਵਾ ਹੋਰ ਕੀ ਕਰ ਸਕਦਾ ਸੀ, ਇਹ ਜਾਣਦੇ ਹੋਏ ਕਿ ਉਹਨਾਂ ਦੀਆਂ ਅੱਖਾਂ ਅੰਨ੍ਹੀਆਂ ਕਰਣੀਆਂ ਪਈਆਂ ਸਨ, ਤਾਂ ਜੋ ਅਸੀਂ ਅੰਦਰ ਆ ਸਕੀਏ? ਇਹ ਤਾਂ ਇਸ ਤਰ੍ਹਾਂ ਸੀ ਜਿਵੇਂ ਉਸ ਦੇ ਆਪਣੇ ਬੱਚੇ ਉਸ ਦਾ ਲਹੂ ਮੰਗ ਰਹੇ ਹੋਣ। ਅਤੇ ਉਹ ਅੰਨ੍ਹੇ ਕੀਤੇ ਗਏ ਸਨ, ਅਤੇ ਉਹ ਜਾਣਦਾ ਸੀ ਕਿ ਉਹ ਅੰਨ੍ਹੇ ਕੀਤੇ ਗਏ ਸਨ। ਇਸੇ ਕਰਕੇ ਹੀ ਉਸ ਨੇ ਉਹਨਾਂ ਲਈ ਮਾਫ਼ੀ ਵਾਸਤੇ ਪ੍ਰਾਰਥਨਾ ਕੀਤੀ। “ਪਿਤਾ, ਉਹਨਾਂ ਨੂੰ ਮਾਫ਼ ਕਰ ਦੇਹ, ਕਿਉਂਕਿ ਉਹ ਨਹੀਂ ਜਾਣਦੇ ਕਿ ਉਹ ਕੀ ਕਰ ਰਹੇ ਹਨ।” ਉਹ ਅੰਨ੍ਹੇ ਸਨ। ਸਾਡੇ ਕਾਰਨ ਉਹਨਾਂ ਨੂੰ ਅੰਨ੍ਹੇ ਕੀਤਾ ਗਿਆ ਸੀ। ਉਹਨਾਂ ਨੇ ਆਪਣੇ

ਅਵਿਸ਼ਵਾਸ ਵਿਚ ਇਹ ਕੀਤਾ। ਪਰ ਜਦੋਂ ਉਹ ਉਸ ਨੂੰ ਮੁੜ ਦੇਖਣਗੇ… ਆਮੀਨ!

57 "ਪਾਪ ਦਾ ਅੰਤ ਕਰੇ।" ਪਾਪ ਕੀ ਹੈ? ਅਵਿਸ਼ਵਾਸ। ਉਨ੍ਹਾਂ ਨੇ ਵਿਸ਼ਵਾਸ ਨਹੀਂ ਕੀਤਾ ਕਿ ਉਹ ਮਸੀਹਾ ਸੀ। ਉਹ ਉਸਨੂੰ ਮਸੀਹਾ ਵਾਂਗ ਨਹੀਂ ਦੇਖ ਸਕੇ, ਹਾਲਾਂਕਿ ਉਸ ਨੇ ਹਰ ਇਕ ਨਿਸ਼ਾਨ ਵਿਖਾਇਆ ਸੀ ਜੋ ਮਸੀਹਾ ਨੇ ਕਰਨਾ ਸੀ। ਪਰ ਉਹ ਇਸਨੂੰ ਦੇਖ ਨਹੀਂ ਸਕੇ। ਉਹ ਅੰਨ੍ਹੇ ਸਨ।

58 ਇਸ ਕਰਕੇ ਜਦੋਂ ਤੁਸੀਂ ਲੋਕਾਂ ਨੂੰ ਕਹਿੰਦੇ ਸੁਣਦੇ ਹੋ, "ਮੈਂ ਰੱਬੀ ਚੰਗਿਆਈ ਤੇ ਵਿਸ਼ਵਾਸ ਨਹੀਂ ਕਰਦਾ। ਮੈਨੂੰ ਇਹ ਨਹੀਂ ਦਿੱਸਦਾ। ਮੈਨੂੰ ਇਹ ਪਵਿੱਤਰ ਆਤਮਾ ਦਾ ਬਪਤਿਸਮਾ ਨਹੀਂ ਦਿੱਸਦਾ।" ਉਹਨਾਂ ਨਾਲ ਗੁੱਸਾ ਨਾ ਕਰੋ; ਉਹ ਅੰਨ੍ਹੇ ਹਨ। ਉਹ ਕਹਿੰਦੇ ਹਨ, "ਮੈਨੂੰ ਉਸ ਦੇ ਆਉਣ ਦੇ ਇਸ ਸੰਦੇਸ਼ ਦੀ ਸਮਝ ਨਹੀਂ ਆਉਂਦੀ। ਮੈਨੂੰ ਇਹ ਪਵਿੱਤਰ ਆਤਮਾ ਦਾ ਬਪਤਿਸਮਾ ਨਹੀਂ ਵੇਖ ਸਕਦਾ। ਮੈਨੂੰ ਸੱਪ ਦੀ ਸੰਤਾਨ ਨਹੀਂ ਦਿੱਸਦੀ। ਮੈਨੂੰ ਇਹ ਚੀਜ਼ਾਂ ਨਹੀਂ ਦਿੱਸਦੀਆਂ।" ਉਹ ਅੰਨ੍ਹੇ ਹਨ, ਅਤੇ ਉਹ ਜਾਣਦੇ ਵੀ ਨਹੀਂ। ਬਸ ਉਹਨਾਂ ਲਈ ਪ੍ਰਾਰਥਨਾ ਕਰੋ। ਠੀਕ ਹੈ।

59 ਉਹਨਾਂ ਦੇ ਅਵਿਸ਼ਵਾਸ ਵਿੱਚ; ਪਰ, ਜਦੋਂ ਉਹ ਉਸ ਨੂੰ ਦੇਖਣਗੇ, ਜਦੋਂ ਉਹ ਮੁੜ ਆਏਗਾ, ਤਾਂ ਉਹਨਾਂ ਦੇ ਅਵਿਸ਼ਵਾਸ ਦਾ ਅੰਤ ਹੋ ਜਾਵੇਗਾ। ਔਹ, ਮੇਰੇ! ਆਓ ਪਹਿਲਾਂ ਉਤਪਤ ਦਾ 25ਵਾਂ, 45ਵਾਂ ਅਧਿਆਇ ਖੋਲ੍ਹੀਏ, ਅਤੇ ਇਸ ਦਾ ਇਕ—ਇੱਕ ਨਮੂਨਾ ਵੇਖੀਏ। ਮੈਂ ਇੱਥੇ ਉਤਪਤ 45 ਵਿੱਚੋਂ, ਕੁਝ ਲਿਖਿਆ ਹੋਇਆ ਹੈ, ਤੁਸੀਂ ਜੋ ਨੋਟ ਲਿਖ ਰਹੇ ਹੋ। ਔਹ, ਮੈਂ ਇਸ ਪੁਰਾਣੇ ਸੁੰਦਰ ਸੁਸਮਾਚਾਰ ਨੂੰ ਕਿੰਨਾ ਪਿਆਰ ਕਰਦਾ ਹਾਂ! ਠੀਕ ਹੈ। ਹੁਣ ਅਸੀਂ ਜਾਣਦੇ ਹਾਂ ਕਿ ਅਸੀਂ ਕਿੱਥੇ ਹਾਂ।

ਕੀ ਤੁਸੀਂ ਮੈਨੂੰ ਇਮਾਰਤ ਦੇ ਪਿਛਲੇ ਪਾਸੇ, ਠੀਕ ਤਰ੍ਹਾਂ ਸੁਣ ਸਕਦੇ ਹੋ? ਜੇ ਤੁਸੀਂ ਮੈਨੂੰ ਸੁਣ ਸਕਦੇ ਹੋ ਤਾਂ ਆਪਣਾ ਹੱਥ ਉੱਪਰ ਕਰੋ। ਮੈਂ ਇਸਨੂੰ ਥੋੜ੍ਹਾ ਨੇੜੇ ਸੈੱਟ ਕੀਤਾ ਹੋਇਆ ਹੈ।

60 ਹੁਣ ਅਸੀਂ ਇਸ ਵਚਨ ਦਾ ਇੱਕ ਹਿੱਸਾ ਪੜ੍ਹਨ ਲੱਗੇ ਹਾਂ। ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਨਾਲ ਸੁਣੋ, ਤੁਸੀਂ ਜਿਨ੍ਹਾਂ ਕੋਲ ਬਾਈਬਲ ਨਹੀਂ ਹੈ। ਤੁਸੀਂ ਜਿਨ੍ਹਾਂ ਕੋਲ ਬਾਈਬਲ ਹੈ, ਇਹ ਉਤਪਤ ਵਿੱਚੋਂ ਹੈ। ਪਹਿਲਾਂ, ਆਓ 44ਵਾਂ ਅਧਿਆਇ, 27ਵੀਂ ਆਇਤ ਤੋਂ ਸ਼ੁਰੂ ਕਰੀਏ।

61 ਇਹ ਯੂਸੁਫ਼ ਹੈ, ਅਤੇ ਯੂਸੁਫ਼ ਮਸੀਹ ਦਾ ਸੰਪੂਰਣ ਨਮੂਨਾ ਸੀ। ਅਸੀਂ ਇਹ ਜਾਣਦੇ ਹਾਂ। ਕਿੰਨੇ ਇਹ ਜਾਣਦੇ ਹਨ? ਉਸ ਦੇ ਭਰਾਵਾਂ ਨੇ ਉਸ ਨਾਲ ਨਫ਼ਰਤ ਕੀਤੀ। ਕਿਉਂ? ਕਿਉਂਕਿ ਉਹ ਆਤਮਿਕ ਸੀ, ਉਹ ਦਰਸ਼ਨ ਵੇਖਦਾ

ਸੀ, ਸੁਫ਼ਨਿਆਂ ਦਾ ਤਰਜਮਾ ਕਰਦਾ ਸੀ। ਉਹ ਆਪਣੇ ਭਰਾਵਾਂ ਵਿੱਚ ਇੱਕ ਆਤਮਿਕ ਮਨੁੱਖ ਸੀ, ਅਤੇ ਉਹ ਉਸ ਨਾਲ ਨਰਫ਼ਤ ਕਰਦੇ ਸਨ। ਅਤੇ ਉਸ ਦਾ ਪਿਤਾ ਉਸ ਨੂੰ ਪਿਆਰ ਕਰਦਾ ਸੀ।

ਇਸੇ ਤਰ੍ਹਾਂ ਯਿਸੂ ਨੂੰ ਫ਼ਿਰਕਾਪ੍ਰਸਤ ਕਲੀਸਿਆਵਾਂ ਨੇ ਨਫ਼ਰਤ ਕੀਤੀ, ਪਰ ਉਸ ਦੇ ਪਿਤਾ ਪਰਮੇਸ਼ੁਰ ਨੇ ਉਸ ਨੂੰ ਪਿਆਰ ਕੀਤਾ। ਉਹਨਾਂ ਨੇ ਉਸ ਨਾਲ ਕਿਉਂ ਨਫ਼ਰਤ ਕੀਤੀ? ਕਿਉਂਕਿ ਉਹ ਆਤਮਿਕ ਸੀ। ਕਿਉਂਕਿ...ਉਹਨਾਂ ਨੇ ਦੱਸਿਆ, ਉਨ੍ਹਾਂ ਨੇ ਕਿਹਾ ਉਹ ਤਾਂ ਜੋਤਸ਼ੀ ਹੈ, ਸ਼ੈਤਾਨ ਹੈ।

62 ਤੁਹਾਨੂੰ ਯਾਦ ਹੈ ਯੂਸੁਫ਼ ਦੇ ਭਰਾਵਾਂ ਨੇ ਉਸ ਨੂੰ ਕੀ ਕਿਹਾ ਸੀ? "ਉਹ ਆਉਂਦਾ ਈ ਸੁਫ਼ਨੇ ਵੇਖਣ ਵਾਲਾ।" ਵੇਖਿਆ? ਵੇਖੋ, ਉਹੀ ਗੱਲ ਹੈ। ਅਤੇ ਉਹਨਾਂ ਨੇ ਯੂਸੁਫ਼ ਨੂੰ ਉਸੇ ਹੀ ਕੀਮਤ ਤੇ ਵੇਚਿਆ ਸੀ ਜਿਸ ਤੇ ਯਹੂਦਾ ਨੇ ਯਿਸੂ ਨੂੰ ਵੇਚਿਆ ਸੀ, ਚਾਂਦੀ ਦੇ ਤੀਹ ਸਿੱਕੇ। ਉਸਨੂੰ ਖੂਹ ਵਿੱਚ ਸੁੱਟ ਦਿੱਤਾ, ਅਤੇ ਜਾ ਕੇ ਪਿਤਾ ਨੂੰ ਕਿਹਾ ਕਿ ਕਿਸੇ ਚੀਜ ਨੇ ਉਸਨੂੰ ਮਾਰ ਦਿੱਤਾ, ਤਾਂ ਉਹ ਮਰ ਗਿਆ। ਪਰ ਉਹ ਖੂਹ ਵਿੱਚੋਂ ਬਾਹਰ ਕੱਢਿਆ ਗਿਆ। ਮਸੀਹ ਨੂੰ ਵੀ ਖੂਹ ਵਿੱਚ ਸੁੱਟਿਆ ਗਿਆ ਸੀ, ਅਤੇ ਉੱਪਰ ਚੁੱਕਿਆ ਗਿਆ। ਅਤੇ ਉਥੋਂ ਉਹ ਧਰਤੀ ਦੇ ਸਭ ਤੋਂ ਉੱਚੇ ਸਥਾਨ ਤੇ ਗਿਆ। ਆਮੀਨ! ਯੂਸੁਫ਼ ਫ਼ਿਰਊਨ ਦਾ ਸੱਜਾ ਹੱਥ ਬਣ ਗਿਆ; ਅਤੇ ਯਿਸੂ ਪਰਮੇਸ਼ੁਰ ਦੇ ਸੱਜੇ ਹੱਥ ਗਿਆ। ਉਸਦੀ ਮਹਿਮਾ ਤੋਂ ਪਹਿਲਾਂ ਉਸਦੀ ਪਰਖ ਹੋਈ...ਯਿਸੂ, ਆਪਣੀ ਮਹਿਮਾ ਤੋਂ ਪਹਿਲਾਂ, ਪਰਖਾਂ ਵਿਚੋਂ ਲੰਘਿਆ।

63 ਕਿਉਂ, ਮੈਨੂੰ ਲੱਗਦਾ ਹੈ ਇਹ ਮਹਾਨ ਪ੍ਰਚਾਰਕ, ਬਿੱਲੀ ਸੰਡੇ ਸੀ, ਜਿਸ ਨੇ ਕਿਹਾ ਸੀ, "ਉਸ ਸਲੀਬ ਚਾੜ੍ਹੇ ਜਾਣ ਵਾਲੇ ਦਿਨ, ਹਰ—ਹਰ ਰੁੱਖ ਉੱਤੇ ਲੱਖਾਂ ਦੂਤ ਬੈਠੇ ਹੋਏ ਸਨ, ਉਹ ਕਹਿੰਦੇ ਸਨ, 'ਬਸ ਜਰਾ ਆਪਣਾ ਹੱਥ ਖੋਲ ਅਤੇ ਸਾਡੇ ਵੱਲ ਇਸ਼ਾਰਾ ਕਰ। ਅਸੀਂ ਇਹ ਦ੍ਰਿਸ਼ ਬਦਲ ਦੇਵਾਂਗੇ।'" ਪਰ ਉਹ ਇਹ ਨਹੀਂ ਕਰ ਸਕਿਆ।

64 ਕਾਯਫ਼ਾ ਨੇ ਕਿਹਾ, "ਉਸ ਨੇ ਹੋਰਾਂ ਨੂੰ ਬਚਾਇਆ; ਕੀ ਉਹ ਆਪਣੇ ਆਪ ਨੂੰ ਨਹੀਂ ਬਚਾ ਸਕਦਾ।" ਉਸ ਨੂੰ ਪਤਾ ਨਹੀਂ ਸੀ ਕਿ ਉਹ ਇਕ ਟਿੱਪਣੀ ਕਰ ਰਿਹਾ ਸੀ। ਜੇ ਉਹ ਆਪਣੇ ਆਪ ਨੂੰ ਬਚਾ ਲੈਂਦਾ, ਤਾਂ ਹੋਰਾਂ ਨੂੰ ਨਹੀਂ ਬਚਾ ਸਕਦਾ ਸੀ। ਇਸ ਲਈ, ਉਸ ਨੇ ਹੋਰਾਂ ਨੂੰ ਬਚਾਉਣ ਲਈ, ਆਪਣੇ ਆਪ ਨੂੰ ਦੇ ਦਿੱਤਾ। ਵੇਖੋ, ਉਹ ਇਸ ਗੱਲ ਤੋਂ ਕਿੰਨੇ ਅੰਨ੍ਹੇ ਸਨ। ਹੁਣ ਉਹ...

65 ਫਿਰ ਜਦੋਂ ਉਹ ਆਪਣੀ ਮਹਿਮਾ ਵਿੱਚ ਸੀ, ਜਾਂ ਮਹਿਮਾ ਤੋਂ ਪਹਿਲਾਂ, ਆਪਣੀ ਪਰਖ ਵਿੱਚ...ਯਾਦ ਰੱਖੋ, ਯੂਸੁਫ਼ ਨੂੰ ਕੈਦ ਵਿੱਚ ਪਾਇਆ ਗਿਆ ਸੀ ਕਿਉਂਕਿ ਉਹ ਬੇਕਸੂਰ ਸੀ।

66 ਰੋਮੀ, ਜਾਂ, ਇਸਰਾਏਲੀ ਜਰਨੈਲ, ਜਿਸਦਾ ਨਾਮ ਪੋਟੀਫ਼ਰ ਸੀ; ਪੋਟੀਫ਼ਰ ਗਿਆ, ਅਤੇ ਇਕ ਯਾਤਰਾ ਤੇ ਚਲਾ ਗਿਆ। ਉਸਦੀ ਇੱਕ ਸੁੰਦਰ ਪਤਨੀ ਸੀ, ਅਤੇ ਉਸਦੀ ਪਤਨੀ ਨੇ ਯੂਸੁਫ਼ ਨੂੰ ਘਰ ਅੰਦਰ ਕੁਝ ਕੰਮ ਲਈ ਬੁਲਾਇਆ, ਅਤੇ ਯੂਸੁਫ਼ ਤੋਂ ਕੁਝ ਗਲਤ ਕਰਵਾਉਣ ਦੀ ਕੋਸ਼ਿਸ਼ ਕੀਤੀ। ਅਤੇ ਉਹ ਪਰਮੇਸ਼ੁਰ ਪ੍ਰਤੀ ਵਫ਼ਾਦਾਰ ਸੀ। ਮੈਂ ਤੁਹਾਨੂੰ ਦੱਸਦਾ ਹਾਂ, ਉਹ ਹਮੇਸ਼ਾ...

67 ਤੁਸੀਂ ਔਰਤੋ, ਮੈਂ ਤੁਹਾਡੇ ਤੇ ਚੀਕਿਆ ਹਾਂ; ਹੁਣ ਮੈਂ ਇਕ ਪਲ ਲਈ, ਤੁਹਾਡੀ ਵਕਾਲਤ ਕਰਾਂਗਾ। ਸਮਝੇ? ਔਰਤ ਕਮਜ਼ੋਰ ਪਾਤਰ ਹੈ। ਮੈਂ ਜਾਣਦਾ ਹਾਂ ਕਿ ਕੋਈ ਬੁਰਾ ਆਦਮੀ ਨਹੀਂ ਬਣ ਸਕਦਾ ਜਦ ਤੱਕ ਕੋਈ ਬੁਰੀ ਔਰਤ ਨਾ ਹੋਵੇ। ਪਰ ਉਹ ਆਦਮੀ ਜੋ ਇਹ ਜਾਣਦੇ ਹਨ, ਆਦਮੀ ਜੋ ਇਹ ਜਾਣਦੇ ਹੈ ਕਿ ਉਹ ਪਰਮੇਸ਼ੁਰ ਦੇ ਪੁੱਤਰ ਹਨ, ਅਤੇ ਫਿਰ ਵੀ ਔਰਤ ਦਾ ਫਾਇਦਾ ਉਠਾਉਂਦੇ ਹਨ, ਤਾਂ ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ; ਭਾਵੇਂ ਉਹ ਕੁਝ ਵੀ ਕਰੇ। ਉਹ ਕਮਜ਼ੋਰ ਪਾਤਰ ਹੈ, ਅਤੇ ਤੁਸੀਂ ਇਹ ਜਾਣਦੇ ਹੋ। ਜੇ ਉਹ ਬਾਹਰ ਜਾ ਕੇ, ਬੇਅਦਬੀ ਨਾਲ ਵਰਤਾਅ ਕਰਦੀ ਹੈ, ਤਾਂ ਉਸਦਾ ਹੱਥ ਫੜੋ ਅਤੇ ਉਸ ਨਾਲ ਭੈਣ ਵਾਂਗ ਗੱਲ ਕਰੋ। ਤੁਸੀਂ ਪਰਮੇਸ਼ੁਰ ਦੇ ਪੁੱਤਰ ਹੋ। ਉਹਨਾਂ ਬੁਰੀਆਂ ਗੱਲਾਂ ਨੂੰ ਨਾ ਕਰੋ। ਯੂਸੁਫ਼ ਵੱਲ ਵੇਖੋ, ਉਹ ਤੁਹਾਡੇ ਲਈ ਇੱਕ ਉਦਾਹਰਨ ਸੀ।

68 ਅਤੇ ਜਦੋਂ ਪੋਟੀਫ਼ਰ ਦੀ ਪਤਨੀ, ਇਹ ਸੁੰਦਰ ਔਰਤ, ਇਜ਼ਤਦਾਰ, ਉੱਚਤਮ, ਦੇਸ਼ ਦੀਆਂ ਸਭ ਤੋਂ ਉੱਚੀਆਂ ਔਰਤਾਂ ਵਿੱਚੋਂ ਇੱਕ, ਉਸ ਨੂੰ ਮਨਾਉਣ ਲੱਗੀ ਅਤੇ ਤਰਲੇ ਕੱਢਣ ਲੱਗੀ। ਅਤੇ ਜਦੋਂ ਉਹ ਮੁੜਿਆ, ਉਸ ਨੇ ਉਸਨੂੰ ਫੜ ਲਿਆ ਅਤੇ ਉਸਨੂੰ ਆਪਣੇ ਨਾਲ ਲਗਾਉਣ ਦੀ ਕੋਸ਼ਿਸ਼ ਕੀਤੀ। ਅਤੇ ਉਹ ਇੰਨਾ ਜ਼ੋਰ ਨਾਲ ਝਟਕਾ ਮਰਿਆ ਕਿ ਉਸਦਾ ਚੋਗਾ ਵੀ ਉਤਰ ਗਿਆ, ਅਤੇ ਉਸ ਤੋਂ ਦੌੜ ਗਿਆ। ਹਾਂ, ਸ਼੍ਰੀਮਾਨ। ਅਤੇ ਜਦੋਂ ਉਹ ਘਰ ਆਇਆ, ਤਾਂ ਉਹਨਾਂ ਨੇ ਉਸਦੇ ਵਿਰੁੱਧ ਝੂਠ ਬੋਲਿਆ, ਕਿਹਾ ਕਿ ਉਹ ਉਸਨੂੰ ਬੇਇਜ਼ਤ ਕਰਨ ਆਇਆ ਸੀ, ਅਤੇ ਉਸ ਨੇ ਆਪਣਾ...ਅਤੇ ਉਸਨੇ ਆਪਣਾ ਚੋਗਾ ਵੀ ਉਥੇ ਹੀ ਛੱਡ ਦਿੱਤਾ। ਅਤੇ ਇਸ ਕਾਰਨ ਉਹ ਕੈਦਖਾਨੇ ਵਿਚ ਪਾ ਦਿੱਤਾ ਗਿਆ। ਪਰ ਕੈਦਖਾਨੇ ਵਿਚ ਵੀ, ਪਰਮੇਸ਼ੁਰ ਉਸਦੇ ਨਾਲ ਸੀ, ਭਾਵੇਂ ਉਹ ਉਸ ਨੂੰ ਕਿਤੇ ਵੀ ਸੁੱਟ ਦਿੰਦੇ।

69 ਉਹ ਖੁਸ਼ਹਾਲੀ ਦੇ ਪੁੱਤਰ ਦਾ ਨਮੂਨਾ ਸੀ। ਯੂਸੁਫ਼ ਜੋ ਕੁਝ ਵੀ ਕਰਦਾ ਸੀ ਉਹ ਸਫਲ ਹੁੰਦਾ ਸੀ। ਅਤੇ ਜਦੋਂ ਯਿਸੂ ਹਜ਼ਾਰ ਸਾਲਾਂ ਦੇ ਰਾਜ ਵਿੱਚ ਵਾਪਸ ਆਏਗਾ, ਇਸੇ ਕਾਰਨ ਮਾਰੂਥਲ ਗੁਲਾਬ ਵਾਂਗ ਖਿੜੇਗਾ। ਉਹ ਜੋ ਕੁਝ ਵੀ ਕਰੇਗਾ ਉਹ ਸਫਲ ਹੋਵੇਗਾ। ਉਹ ਖੁਸ਼ਹਾਲੀ ਦਾ ਪੁੱਤਰ ਹੈ। ਯੂਸੁਫ਼ ਨੂੰ

ਜਿੱਥੇ ਵੀ ਰੱਖਿਆ ਗਿਆ, ਉਹ ਥਾਂ ਅਸੀਸਤ ਹੋਈ। ਯਿਸੂ ਜਿੱਥੇ ਵੀ ਹੈ, ਉਹ ਥਾਂ ਅਸੀਸਤ ਹੈ। ਇਸ ਲਈ, ਉਸਨੂੰ ਆਪਣੇ ਦਿਲ ਵਿੱਚ ਲਿਆਓ ਅਤੇ ਅਸੀਸਤ ਹੋਵੋ।

70 ਤਾਂ ਹੁਣ ਸਾਨੂੰ ਪਤਾ ਚੱਲਦਾ ਹੈ, ਕਿ, ਤਦ ਯੂਸੁਫ਼ ਨੂੰ ਕੈਦਖਾਨੇ ਵਿੱਚ ਪਾ ਦਿੱਤਾ ਗਿਆ। ਅਤੇ ਉਸ ਕੈਦਖਾਨੇ ਵਿੱਚ ਦੋ ਆਦਮੀ ਸਨ; ਉਨ੍ਹਾਂ ਵਿੱਚੋਂ ਇੱਕ ਨਾਸ਼ ਹੋ ਗਿਆ, ਅਤੇ ਇਕ ਬਚਾਇਆ ਗਿਆ। ਯਿਸੂ, ਜਦ ਆਪਣੀ ਸਲੀਬ ਦੇ ਪਰਤਾਵੇ ਵਿੱਚ ਸੀ, ਇੱਕ ਚੋਰ ਨਾਸ਼ ਹੋ ਗਿਆ ਅਤੇ ਦੂਜਾ ਬਚਾਇਆ ਗਿਆ।

71 ਜਦੋਂ ਉਸਨੂੰ ਉੱਚਾ ਕੀਤਾ ਗਿਆ, ਤਾਂ ਉਹ ਪਰਮੇਸ਼ੁਰ ਦੇ ਸੱਜੇ ਹੱਥ ਚਲਾ ਗਿਆ। ਜਦੋਂ ਯੂਸੁਫ਼ ਨੂੰ ਉੱਚਾ ਕੀਤਾ ਗਿਆ, ਉਹ ਫ਼ਿਰਊਨ ਦੇ ਸੱਜੇ ਹੱਥ ਚਲਾ ਗਿਆ, ਅਤੇ ਕੋਈ ਮਨੁੱਖ ਫਿਰੌਨ ਨਾਲ ਗੱਲ ਨਹੀਂ ਕਰ ਸਕਦਾ ਸੀ ਜਦ ਤੱਕ ਪਹਿਲਾਂ ਯੂਸੁਫ਼ ਨਾਲ ਗੱਲ ਨਾ ਕਰੇ ਅਤੇ ਆਗਿਆ ਨਾ ਲਵੇ।

ਅਤੇ ਜਦੋਂ ਯੂਸੁਫ਼ ਮਹਿਲ ਤੋਂ ਬਾਹਰ ਨਿਕਲਦਾ ਸੀ...ਔਹ, ਮੇਰੇ! ਜਦੋਂ ਯੂਸੁਫ਼ ਮਹਿਲ ਤੋਂ ਬਾਹਰ ਨਿਕਲਦਾ ਸੀ, ਤੁਰ੍ਹੀਆਂ ਵਜਾਈਆਂ ਜਾਂਦੀਆਂ ਸਨ, ਅਤੇ ਮਨੁੱਖ ਉਸ ਤੋਂ ਅੱਗੇ ਦੌੜਦੇ ਹੋਏ ਜਾਂਦੇ ਸਨ, ਕਹਿੰਦੇ ਸਨ, "ਗੋਡੇ ਨਿਵਾਓ! ਯੂਸੁਫ਼ ਆ ਰਿਹਾ ਹੈ!" ਆਮੀਨ!

ਅਤੇ ਜਦੋਂ ਯਿਸੂ ਅਤ ਮਹਾਨ ਪਰਮੇਸ਼ੁਰ ਦੇ ਸੱਜੇ ਹੱਥ ਨੂੰ ਛੱਡਦਾ ਹੈ, ਤੁਰ੍ਹੀਆਂ ਵੱਜਣਗੀਆਂ। ਅਤੇ ਹਰੇਕ ਗੋਡਾ ਨਿਵਾਇਆ ਜਾਵੇਗਾ, ਅਤੇ ਹਰ ਜੀਭ ਸਵੀਕਾਰ ਕਰੇਗੀ, "ਯਿਸੂ ਆ ਰਿਹਾ ਹੈ!" ਯਕੀਨਨ! ਪਰ ਜੇ...

72 ਅਤੇ, ਯਾਦ ਹੈ, ਜਦੋਂ ਉਸ ਨੂੰ ਉਸਦੇ ਭਰਾਵਾਂ ਨੇ ਰੱਦ ਦਿੱਤਾ, ਉਸ ਨੇ ਕੀ ਕੀਤਾ? ਉਸ ਨੇ ਇੱਕ ਪਰਾਈਆਂ ਕੌਮਾਂ ਵਿੱਚੋਂ ਪਤਨੀ ਲਈ; ਉਸ ਨੇ ਇੱਕ ਮਿਸਰੀ ਪਤਨੀ ਲਈ। ਜਦੋਂ ਯਿਸੂ ਨੂੰ ਆਪਣੇ ਭਰਾਵਾਂ, ਯਹੂਦੀਆਂ, ਤੋਂ ਵੱਖ ਕਰ ਦਿੱਤਾ ਗਿਆ, ਉਸ ਨੇ ਪਰਾਈਆਂ ਕੌਮਾਂ ਵਿੱਚੋਂ ਇੱਕ ਲਾੜੀ ਲਈ। ਪਰ ਹੁਣ, ਸਾਲਾਂ ਬਾਅਦ, ਬੱਚੇ ਪੈਦਾ ਹੋਣ ਤੋਂ ਬਾਅਦ, ਇਫ਼ਰਾਈਮ ਅਤੇ ਮਨੱਸਹ, ਉਸਦਾ ਇੱਕ ਪਰਿਵਾਰ ਸੀ।

73 ਫਿਰ, ਇਕ ਦਿਨ, ਉਸਦੇ ਭਰਾ ਉਸ ਨੂੰ ਮਿਲਣ ਲਈ ਆਏ। ਵੇਖੋ। ਅਸੀਂ ਕਹਾਣੀ ਜਾਣਦੇ ਹਾਂ, ਕਿ ਉਸ ਨੇ ਉਨ੍ਹਾਂ ਨੂੰ ਵਾਪਸ ਭੇਜਣ ਲਈ ਉਹ ਛੋਟੀ ਚੀਜ਼ ਉਨ੍ਹਾਂ ਦੇ ਸਮਾਨ ਵਿੱਚ ਰੱਖ ਦਿੱਤੀ ਸੀ। ਅਤੇ ਇਸ ਤਰ੍ਹਾਂ ਵਰਤਾਅ ਕੀਤਾ ਜਿਵੇਂ ਉਹ ਉਹਨਾਂ ਦੀ ਭਾਸ਼ਾ ਵੀ ਨਹੀਂ ਬੋਲ ਸਕਦਾ ਸੀ; ਉਸ ਕੋਲ ਇਬਰਾਨੀ ਭਾਸ਼ਾ ਦਾ ਇੱਕ ਤਰਜਮਾ ਕਰਨ ਵਾਲਾ ਸੀ, ਜਦਕਿ ਉਹ ਆਪ ਹੀ ਇਬਰਾਨੀ

ਸੀ। ਅਤੇ ਉਹਨਾਂ ਦਾ ਭਰਾ ਉਨ੍ਹਾਂ ਕੋਲ ਆਇਆ ਸੀ। ਉਹ ਉਸ ਨੂੰ ਨਹੀਂ ਜਾਣਦੇ ਸਨ। ਉਹ ਇੱਕ ਮਹਾਨ ਸ਼ਹਿਜਾਦਾ ਸੀ।

ਅਤੇ ਇਸੇ ਵੇਲੇ, ਮਸੀਹ ਯਹੂਦੀਆਂ ਕੋਲ ਆਉਂਦਾ ਹੈ, ਉਹਨਾਂ ਦੇ ਬੀਮਾਰਾਂ ਨੂੰ ਚੰਗਾ ਕਰਦਾ ਹੈ, ਅਤੇ ਹੋਰ ਕੰਮ ਕਰਦਾ ਹੈ, ਪਰ ਉਹ ਅਜੇ ਵੀ ਨਹੀਂ ਜਾਣਦੇ ਕਿ ਉਹ ਕੌਣ ਹੈ, ਉਹੀ ਮਸੀਹਾ।

ਆਓ 44ਵੇਂ ਅਧਿਆਇ ਦੀ 27ਵੀਂ ਆਇਤ ਤੋਂ ਸ਼ੁਰੂ ਕਰੀਏ।

*ਉਪਰੰਤ ਤੁਹਾਡੇ ਦਾਸ ਸਾਡੇ ਪਿਤਾ ਨੇ ਸਾਨੂੰ ਆਖਿਆ, ਤੁਸੀਂ ਜਾਣਦੇ ਹੋ ਕਿ ਮੇਰੀ ਪਤਨੀ ਮੇਰੇ—ਮੇਰੇ ਲਈ ਦੋ ਪੁੱਤ੍ਰ ਜਣੀ:*

*ਅਤੇ ਉਨ੍ਹਾਂ ਵਿੱਚੋਂ ਇੱਕ ਮੇਰੇ ਕੋਲੋਂ ਕਿਤੇ ਚਲਾ ਗਿਆ,...*

ਇਹ ਯੂਸੁਫ਼ ਸੀ, ਉਹੀ ਜਿਸ ਨਾਲ ਉਹ ਗੱਲ ਕਰ ਰਹੇ ਸਨ।

*...ਅਤੇ ਮੈਂ ਆਖਿਆ ਕਿ ਉਹ ਸੱਚਮੁੱਚ ਪਾੜਿਆ ਗਿਆ ਹੈ; ਅਰ ਮੈਂ ਉਸ ਨੂੰ ਹੁਣ ਤੀਕ ਨਹੀਂ ਡਿੱਠਾ:*

*ਅਰ ਜੇਕਰ ਤੁਸੀਂ ਏਸ ਨੂੰ ਵੀ ਮੇਰੇ ਅੱਗੋਂ ਲੈ ਜਾਓਗੇ, ਅਰ ਕੋਈ ਬਿਪਤਾ ਉਸ ਉੱਤੇ ਆ ਪਈ, ਤਾਂ ਤੁਸੀਂ ਮੇਰੇ ਧੌਲਿਆਂ ਨੂੰ ਏਸ ਬੁਰਿਆਈ ਨਾਲ ਪਾਤਾਲ ਵਿੱਚ ਉਤਾਰੋਗੇ।*

74 ਉਹਨਾਂ ਕੋਲ ਇੱਕ ਛੋਟਾ ਬਿਨਯਾਮੀਨ ਸੀ, ਉਸਦਾ ਛੋਟਾ ਭਰਾ। ਕੀ ਤੁਸੀਂ ਜਾਣਦੇ ਹੋ ਬਿਨਯਾਮੀਨ ਕਿਸ ਨੂੰ ਦਰਸ਼ਾਉਂਦਾ ਹੈ? ਇਹ ਅਸਲੀ, ਸੱਚੇ ਯਹੂਦੀਆਂ ਦਾ ਨਵਾਂ ਝੁੰਡ ਜੋ ਹੁਣ ਉੱਥੇ ਇਕੱਠੇ ਹੋ ਰਿਹਾ ਹੈ ਤਾਂ ਜੋ ਉਹ ਇੱਕ ਲੱਖ ਚੁਤਾਲੀ ਹਜ਼ਾਰ ਬਣਾ ਸਕਣ, ਇਹ—ਇਹ ਨਸਲ ਜੋ ਹੁਣ ਉੱਭਰ ਰਹੀ ਹੈ। ਇਹ ਵਾਲ ਸਟ੍ਰੀਟ ਦੇ ਠਗ ਨਹੀਂ, ਨਹੀਂ, ਨਹੀਂ; ਉਹ ਤਾਂ ਤੋਪਾਂ ਲਈ ਚਾਰੇ ਵਰਗੇ ਹਨ। ਉਹ ਯਹੂਦੀ ਨਹੀਂ ਹਨ। ਉਹ ਯਹੂਦੀ ਨਹੀਂ ਹਨ। ਅਸਲੀ ਯਹੂਦੀ ਇਹ ਛੋਟੇ ਬਿਨਯਾਮੀਨ ਹਨ ਜੋ ਇਥੋਂ ਉੱਪਰ ਆ ਰਹੇ ਹਨ, ਅਤੇ ਜਿਨ੍ਹਾਂ ਨੇ ਕਦੇ ਵੀ ਯਿਸੂ ਮਸੀਹ ਦੇ ਬਚਨ ਬਾਰੇ ਨਹੀਂ ਸੁਣਿਆ।

*ਇਸ ਲਈ ਹੁਣ ਮੇਰੇ ਕੋਲ ਆਓ...ਅਤੇ ਤੁਹਾਡਾ ਪਿਤਾ...ਅਤੇ ਮੇਰਾ ਪਿਤਾ ਅਤੇ ਮੁੰਡਾ ਸਾਡੇ ਨਾਲ ਨਾ ਹੋਵੇ; ਤਾਂ ਏਸ ਲਈ ਕਿ ਉਹ ਦੇ ਪ੍ਰਾਣ ਮੁੰਡੇ ਦੇ ਪ੍ਰਾਣਾਂ ਨਾਲ ਬੱਧੇ ਹੋਏ ਹਨ;*

75 ਪਰਮੇਸ਼ੁਰ ਦਾ ਆਪਣਾ ਪ੍ਰਾਣ ਇਸਰਾਏਲ ਨਾਲ ਬੱਝਿਆ ਹੋਇਆ ਹੈ। ਉਹ ਉਸ ਨਾਲ ਵਿਆਹਿਆ ਹੋਇਆ ਹੈ। ਜੇ ਪ੍ਰਭੂ ਚਾਹੇ, ਤਾਂ ਅਸੀਂ ਕੁਝ ਮਿੰਟਾਂ ਵਿੱਚ ਉਸ ਤੇ ਆਵਾਂਗੇ। ਉਹ ਇਸਰਾਏਲ ਨਾਲ ਵਿਆਹਿਆ ਹੋਇਆ ਹੈ। ਉਸਦਾ ਪ੍ਰਾਣ ਉਸ ਨਾਲ ਬੱਝਾ ਹੋਇਆ ਹੈ। ਬਿਲਕੁਲ ਜਿਵੇਂ ਮੇਰਾ ਪ੍ਰਾਣ ਸ਼੍ਰੀ

ਮਤਿ ਬ੍ਰਨਹਾਮ ਨਾਲ, ਮੇਰੀ ਪਤਨੀ ਨਾਲ ਬੱਝਾ ਹੋਇਆ ਹੈ, ਅਤੇ ਤੁਹਾਡਾ ਪ੍ਰਾਣ ਤੁਹਾਡੀ ਪਤਨੀ ਨਾਲ ਬੱਝਾ ਹੋਇਆ ਹੈ। ਤੁਹਾਡਾ ਪ੍ਰਾਣ ਉਸ ਵਿੱਚ ਲਪੇਟਿਆ ਹੋਇਆ ਹੈ। ਅਤੇ ਪਰਮੇਸ਼ੁਰ ਇਸਰਾਏਲ ਨਾਲ ਵਿਆਹਿਆ ਹੋਇਆ ਹੈ। ਅਤੇ ਇਹ ਕੀ ਸੀ? ਯਾਕੂਬ ਨੇ ਕਿਹਾ, "ਮੇਰਾ ਪ੍ਰਾਣ ਇਸ ਬੱਚੇ ਵਿੱਚ ਲਪੇਟਿਆ ਅਤੇ ਬੱਝਾ ਹੋਇਆ ਹੈ। ਮੈਂ..."

*ਤਾਂ ਐਉਂ ਹੋਊਗਾ ਕਿ ਜਦ ਉਹ ਵੇਖੇਗਾ ਕੀ ਮੁੰਡਾ ਸਾਡੇ ਨਾਲ ਹੈ ਨਹੀਂ,...*

ਯੂਸੁਫ਼ ਮੁੰਡੇ ਨੂੰ ਆਪਣੇ ਕੋਲ ਰੱਖਣ ਵਾਲਾ ਸੀ, ਤੁਸੀਂ ਜਾਣਦੇ ਹੋ। ਸਾਨੂੰ ਕਹਾਣੀ ਪਤਾ ਹੈ।

*...ਤਾਂ ਉਹ ਮਰ ਜਾਊਗਾ,* ਉਸਦਾ ਪਿਤਾ: *ਅਰ ਤੁਹਾਡੇ ਦਾਸ ਆਪਣੇ ਪਿਤਾ ਦੇ ਧੌਲਿਆਂ ਨੂੰ ਸੋਗ ਨਾਲ ਪਤਾਲ ਵਿੱਚ ਉਹ ਉਤਾਰਨਗੇ।*

ਉਸ ਦਲੀਲ ਨੂੰ ਸੁਣੋ ਜੋ ਰਊਬੇਨ ਹੁਣ ਦੇ ਰਿਹਾ ਹੈ।

*ਕਿਉਂ ਜੋ ਤੁਹਾਡਾ ਦਾਸ ਆਪਣੇ ਪਿਤਾ ਕੋਲ...ਮੁੰਡੇ ਦਾ ਜਾਮਨ ਐਉਂ ਹੋਇਆ, ਇਹ ਕਹਿਕੇ, ਜੇ ਮੈਂ ਉਸ ਨੂੰ ਤੇਰੇ ਕੋਲ ਨਾ... ਲਿਆਵਾਂ, ਤਾਂ ਮੈਂ ਸਦਾ ਤੀਕ ਆਪਣੇ ਪਿਤਾ ਦਾ ਪਾਪੀ ਹੋਵਾਂਗਾ।*

*ਇਸ ਲਈ ਹੁਣ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ, ਤੁਹਾਡਾ ਦਾਸ ਮੁੰਡੇ ਦੇ ਥਾਂ...*

ਔਹ, ਮੇਰੇ! ਦੇਖੋ, ਉਹ ਠੀਕ ਯੂਸੁਫ਼ ਦੇ ਸਾਮ੍ਹਣੇ ਖੜ੍ਹਾ ਹੈ, ਜੋ ਉਸਦਾ ਭਰਾ ਸੀ। ਇਹ ਯੂਸੁਫ਼ ਹੈ, ਅਤੇ ਉਹ ਉਸਨੂੰ ਨਹੀਂ ਜਾਣਦਾ। ਔਹ, ਉਸ ਹਜਾਰ ਸਾਲ ਦੇ ਰਾਜ ਦੇ ਸ਼ੁਰੂ ਹੋਣ ਤੱਕ ਇੰਤਜ਼ਾਰ ਕਰੋ, ਭਾਈ!

*...ਹੁਣ ਤੁਹਾਡਾ ਦਾਸ ਮੁੰਡੇ ਦੇ ਥਾਂ ਮੇਰੇ ਸਵਾਮੀ ਦਾ ਗੁਲਾਮ ਰਹੇ;...*

ਉਸ ਨੂੰ ਸੁਣੋ, ਉਸ ਨੂੰ "ਪ੍ਰਭੂ", ਸਵੀਕਾਰ ਕਰ ਰਿਹਾ ਹੈ।

*...ਅਰ ਮੁੰਡਾ ਆਪਣੇ ਭਰਾਵਾਂ ਦੇ ਸੰਗ ਚਲਿਆ ਜਾਵੇ।*

*ਕਿਉਂ ਜੋ ਮੈਂ ਆਪਣੇ ਪਿਤਾ ਕੋਲ ਕਿਵੇਂ ਜਾਵਾਂ, ਜੇਕਰ ਮੁੰਡਾ ਮੇਰੇ ਸੰਗ ਨਾ ਹੋਵੇ? ਕਿਤੇ ਉਹ ਬੁਰਿਆਈ ਜਿਹੜੀ ਮੇਰੇ ਪਿਤਾ ਉੱਤੇ ਆਵੇਗੀ ਮੈਂ ਨਾ ਵੇਖਾਂ।*

76 ਮਿੰਨਤਾਂ ਕਰ ਰਿਹਾ ਹੈ, ਆਪਣੀ ਜਾਨ ਦੇ ਰਿਹਾ ਹੈ! ਉਹ ਯਹੂਦੀ ਉੱਥੇ ਕਿਵੇਂ ਹੱਥ ਅੱਗੇ ਵਧਾ ਕੇ ਖੜ੍ਹੇ ਹੋਣਗੇ! ਦੇਖੋ। ਹੁਣ 45ਵੀਂ ਆਇਤ ਨੂੰ ਦੇਖੋ… ਧਿਆਨ ਨਾਲ ਸੁਣੋ, ਇਸ ਨੂੰ ਖੁੰਝ ਨਾ ਜਾਇਓ। "ਜਦੋਂ ਯੂਸੁਫ਼…"

*ਯੂਸੁਫ਼ ਆਪਣੇ ਆਪ ਨੂੰ ਉਨ੍ਹਾਂ ਸਾਰਿਆਂ ਦੇ ਅੱਗੇ ਜਿਹੜੇ ਕੋਲ ਖੜੇ ਸਨ ਰੋਕ ਨਾ ਸਕਿਆ;…*

ਭਾਈ, ਉਦੋਂ ਹੀ ਪਾਪ ਦਾ ਅੰਤ ਕੀਤਾ ਜਾਵੇਗਾ। ਅਵਿਸ਼ਵਾਸ ਖਿੰਡ ਜਾਵੇਗਾ।

*…ਅਤੇ ਉਸ ਨੇ ਉੱਚੀ—ਅਤੇ ਉਸ ਨੇ…,ਮੇਰੇ ਕੋਲੋਂ ਹਰ ਮਨੁੱਖ ਨੂੰ ਕੱਢ ਦਿਓ। ਅਤੇ ਜਦ ਕੋਈ ਮਨੁੱਖ ਕੋਲ ਖੜਾ ਨਾ ਰਿਹਾ, ਤਾਂ ਯੂਸੁਫ਼ ਨੇ ਆਪਣੇ ਆਪ ਨੂੰ ਆਪਣੇ ਭਰਾਵਾਂ ਉੱਤੇ ਪਰਗਟ ਕਰ ਦਿੱਤਾ।*

77 ਇਹ ਕੀ ਹੈ? ਇੱਥੋਂ ਤੱਕ ਕਿ ਉਸਦੀ ਆਪਣੀ ਪਤਨੀ ਵੀ ਵਾਪਸ ਮਹਿਲ ਵਿੱਚ ਚਲੀ ਗਈ ਸੀ। ਔਹ, ਮੇਰੇ! ਜਦੋਂ ਯਿਸੂ ਵਾਪਸ ਆਵੇਗਾ ਹੈ ਤਾਂ ਲਾੜੀ ਮਹਿਮਾ ਵਿੱਚ ਹੋਵੇਗੀ (ਅਸੀਂ ਇੱਥੇ ਹੀ ਇਸ ਵਿੱਚ ਆਵਾਂਗੇ।) ਤਾਂ ਜੋ ਆਪਣੇ ਆਪ ਨੂੰ ਪ੍ਰਗਟ ਕਰੇ।

*ਅਤੇ ਉਹ ਉੱਚੀ ਉੱਚੀ ਰੋਇਆ:…*

ਯੂਸੁਫ਼ ਹੋਰ ਜ਼ਿਆਦਾ ਰੋਕ ਨਾ ਸਕਿਆ, ਅਤੇ ਉਹ ਚੀਕ ਉੱਠਿਆ।

*…ਤਾਂ ਮਿਸਰੀਆਂ ਨੇ ਸੁਣਿਆ ਅਰ ਫ਼ਿਰਊਨ ਦੇ ਘਰਾਣੇ ਨੇ ਵੀ ਇਹ ਸੁਣਿਆ।*

78 ਮਹਿਲ ਦੇ ਬਿਲਕੁਲ ਪਿਛਲੇ ਪਾਸੇ, ਉਹਨਾਂ ਨੇ ਯੂਸੁਫ਼ ਦੀ ਚੀਖ ਸੁਣੀ। ਹੁਣ, ਇਹ ਉਸਦਾ ਨਮੂਨਾ ਹੈ ਜਦ ਮਸੀਹ ਯਹੂਦੀਆਂ ਨੂੰ ਮਿਲੇਗਾ, ਕਿ, ਉਸ ਨੂੰ ਪਤਾ ਸੀ ਉਸ ਨੇ ਉਹਨਾਂ ਨੂੰ ਅੰਨ੍ਹਾ ਕੀਤਾ ਤਾਂ ਜੋ ਸਾਨੂੰ ਇੱਕ ਮੌਕਾ ਮਿਲ ਸਕੇ। ਪਰ ਜਦੋਂ ਉਹ ਮੁੜ ਉਹਨਾਂ ਕੋਲ ਆਏਗਾ, ਤਾਂ ਇਸਰਾਏਲ ਦਾ ਪਾਪ ਖਤਮ ਹੋ ਜਾਵੇਗਾ।

*ਅਤੇ ਯੂਸੁਫ਼ ਨੇ ਆਪਣੇ ਭਰਾਵਾਂ ਨੂੰ ਆਖਿਆ, ਮੈਂ ਯੂਸੁਫ਼ ਹਾਂ;…*

ਤੁਹਾਨੂੰ ਕੀ ਲੱਗਦਾ ਹੈ ਕਿ ਯਿਸੂ ਕੀ ਕਹੇਗਾ? "ਮੈਂ ਤੁਹਾਡਾ ਮਸੀਹਾ ਹਾਂ। ਮੈਂ ਉਹ ਹਾਂ ਜਿਸਨੂੰ ਤੁਸੀਂ ਸਲੀਬ ਤੇ ਚੜ੍ਹਾਇਆ ਸੀ।"

*…ਕੀ ਮੇਰਾ ਪਿਤਾ ਅਜੇ ਜੀਉਂਦਾ ਹੈ? ਪਰ ਉਸਦੇ ਭਰਾ ਉਸ ਨੂੰ ਉੱਤਰ ਨਾ ਦੇ ਸਕੇ; ਕਿਉਂ ਜੋ ਉਸ ਦੇ ਅੱਗੇ ਘਾਬਰ ਗਏ ਸਨ।*

79 ਔਹ, ਮੈਨੂੰ ਇੱਥੇ ਇਕ ਪਲ ਲਈ ਰੁਕਣਾ ਪਵੇਗਾ। ਆਓ ਜ਼ਕਰਯਾਹ ਦੀ ਪੁਸਤਕ ਦੇ 12ਵੇਂ ਅਧਿਆਇ ਵੱਲ ਮੁੜੀਏ। ਹੁਣ ਮੇਰੇ ਨਾਲ ਜ਼ਕਰਯਾਹ ਦੀ ਪੁਸਤਕ ਵਿੱਚ, ਜ਼ਕਰਯਾਹ ਦੇ 12ਵੇਂ ਅਧਿਆਇ ਵੱਲ ਆਓ। ਅਤੇ ਸ਼ਾਇਦ ਮੈਂ ਇਸ ਤੇ ਪ੍ਰਚਾਰ ਸ਼ੁਰੂ ਕਰਨ ਵਿੱਚ ਥੋੜ੍ਹਾ ਵੱਧ ਸਮਾਂ ਲੈ ਰਿਹਾ ਹਾਂ, ਪਰ ਮੈਂ—ਮੈਂ ਉਮੀਦ ਕਰਦਾ ਹਾਂ ਨਹੀਂ। ਅਤੇ ਮੈਂ—ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ, ਪੂਰੀ ਤਰ੍ਹਾਂ ਸਮਝ ਲਵੋ।

80 ਜ਼ਕਰਯਾਹ, ਆਓ ਜ਼ਕਰਯਾਹ ਦਾ 12ਵਾਂ ਅਧਿਆਇ ਲੈਂਦੇ ਹਾਂ, ਅਤੇ ਦੇਖੋ ਕਿ ਉਹ ਹੁਣ ਕੀ ਕਹਿਣ ਵਾਲਾ ਹੈ ਜਦੋਂ ਉਹ ਆਪਣੇ ਭਰਾਵਾਂ ਦੇ ਸਾਹਮਣੇ ਖੜ੍ਹਾ ਹੋਵੇਗਾ। ਜ਼ਕਰਯਾਹ 12, ਅਤੇ 10ਵੀਂ। "ਪਾਪ ਦਾ ਇੱਕ ਅੰਤ ਕਰੇ," ਹੁਣ। ਠੀਕ ਹੈ, 12ਵਾਂ ਅਧਿਆਏ ਅਤੇ 10ਵੀਂ ਆਇਤ।

81 ਧਿਆਨ ਦਿਓ। ਅਤੇ ਹੁਣ ਉਹ ਇੱਥੇ ਬਾਕੀ ਰਹਿ ਗਈ ਕੌਮ ਬਾਰੇ ਬੋਲ ਰਿਹਾ ਹੈ; ਯਰੂਸ਼ਲਮ ਦਾ ਘੇਰਾ; ਪਸ਼ੂ ਅਤੇ ਫੌਜਾਂ ਨੂੰ ਹਟਾ ਦਿੱਤਾ ਜਾਂਦਾ ਹੈ, ਅਤੇ ਵਗੈਰਾ-ਵਗੈਰਾ; ਸਭ ਕੁਝ ਅੰਤ ਵੱਲ ਆ ਗਿਆ ਹੈ; ਇਹ ਲਗਭਗ ਹਜ਼ਾਰ ਸਾਲਾਂ ਦੇ ਰਾਜ ਤਕ ਪਹੁੰਚ ਗਿਆ ਹੈ, ਬਸ ਹੁਣ ਹਜ਼ਾਰ ਸਾਲਾਂ ਦਾ ਰਾਜ ਸ਼ੁਰੂ ਹੋਣ ਹੀ ਵਾਲਾ ਹੈ।

> *ਅਤੇ ਮੈਂ ਦਾਊਦ ਦੇ ਘਰਾਣੇ ਉੱਤੇ, ਅਤੇ ਯਰੂਸ਼ਲਮ ਦੇ ਵਾਸੀਆਂ ਉੱਤੇ* (ਕਾਹਦਾ?) *ਆਤਮਾ…ਕਿਰਪਾ ਦਾ…*

ਆਮੀਨ! ਅਦਭੁਤ ਕਿਰਪਾ!

> *…ਦੇ ਘਰਾਣੇ ਉੱਤੇ…ਯਰੂਸ਼ਲਮ ਦੇ ਵਾਸੀਆਂ ਉੱਤੇ,* (ਦਾਨੀਏਲ ਦੇ "ਪਵਿੱਤਰ ਸ਼ਹਿਰ" ਉੱਤੇ), *ਕਿਰਪਾ ਅਤੇ ਬੇਨਤੀ ਦਾ ਆਤਮਾ ਵਹਾਵਾਂਗਾ: ਅਤੇ ਓਹ ਮੇਰੀ ਵਲ ਜਿਸ ਨੂੰ ਓਹਨਾਂ ਨੇ ਵਿੰਨ੍ਹਿਆ ਸੀ ਤੱਕਣਗੇ, ਅਤੇ ਉਸ ਦੇ ਲਈ ਸੋਗ ਕਰਨਗੇ, ਜਿਵੇਂ ਕੋਈ ਆਪਣੇ ਇੱਕਲੌਤੇ ਲਈ ਸੋਗ ਕਰਦਾ ਹੈ, ਅਤੇ ਓਹ ਉਸ ਦੇ ਲਈ ਵਿਲਕਣਗੇ ਜਿਵੇਂ ਕੋਈ ਆਪਣੇ ਪਲੋਠੇ ਲਈ ਵਿਲਕਦਾ ਹੈ।*

82 ਸੁਣੋ, ਜਦੋਂ ਉਹ ਉੱਠੇ ਖੜ੍ਹਾ ਹੋਵੇਗਾ ਤਾਂ ਕਿਹੋ ਜਿਹਾ ਸੋਗ ਹੋਵੇਗਾ, ਜਦੋਂ ਉਹ ਆਪਣੇ ਆਪ ਨੂੰ ਉਨ੍ਹਾਂ ਤੇ ਪ੍ਰਗਟ ਕਰ ਰਿਹਾ ਹੋਵੇਗਾ, ਜਿਵੇਂ ਯੂਸਫ਼ ਨੇ ਕੀਤਾ ਸੀ! ਸੁਣੋ।

> *ਅਤੇ ਉਸ ਦਿਨ ਯਰੂਸ਼ਲਮ ਵਿੱਚ ਅਜਿਹਾ ਵੱਡਾ ਸੋਗ ਹੋਵੇਗਾ, ਹਦਦਰਮੋਨ ਦੇ ਸੋਗ ਵਰਗਾ…*

ਮੈਂ ਉਸ ਨਾਮ ਦਾ ਉਚਾਰਨ ਨਹੀਂ ਕਰ ਸਕਦਾ, ਹ-ਅ-ਦ-ਅ-ਦ-ਰ-ਇ-ਮ--ਓ-…

*...ਹਦਦਰਮੋਨ ਵਿੱਚ...ਮਗਿੱਦੋਨ—ਮਗਿੱਦੋਨ।*

*ਅਤੇ ਦੇਸ ਵਿੱਚ ਸੋਗ ਹੋਵੇਗਾ, ਟੱਬਰਾਂ ਦੇ ਟੱਬਰ ਅੱਡੋ ਅੱਡ; ਦਾਊਦ ਦੇ ਘਰਾਣੇ ਦਾ ਟੱਬਰ ਅੱਡ ਅਤੇ ਓਹਨਾਂ ਦੀਆਂ ਪਤਨੀਆਂ ਅੱਡ; ਅਤੇ ਨਾਥਾਨ ਦੇ ਘਰਾਣੇ ਦਾ ਟੱਬਰ ਅੱਡ, ਅਤੇ ਓਹਨਾਂ ਦੇ ਟੱਬਰ ਅੱਡ;*

*...ਲੇਵੀ ਦਾ ਟੱਬਰ...ਅਤੇ ਉਨ੍ਹਾਂ ਦੀਆਂ ਪਤਨੀਆਂ ਅਤੇ ਟੱਬਰ ਅੱਡ;...ਅਤੇ ਸ਼ਿਮਓਨ ਅਤੇ ਉਨ੍ਹਾਂ ਦੇ ਅੱਡ;*

*ਅਤੇ ਬਾਕੀ ਰਹਿੰਦੇ ਸਾਰੇ ਟੱਬਰ, ਹਰੇਕ ਟੱਬਰ...ਅਤੇ ਉਨ੍ਹਾਂ ਦੀਆਂ ਪਤਨੀਆਂ ਅੱਡ।*

83 ਉਹ ਆਪਣੇ ਆਪ ਤੋਂ ਬਹੁਤ ਸ਼ਰਮਿੰਦੇ ਹੋਣਗੇ, ਜਦੋਂ ਉਹ ਉੱਥੇ ਖੜੇ ਹੋਣਗੇ ਅਤੇ ਵੇਖਣਗੇ ਕਿ ਉਹੀ ਜਿਹਨੂੰ ਉਨ੍ਹਾਂ ਨੇ ਸਲੀਬ ਤੇ ਚੜ੍ਹਾਇਆ ਅਤੇ ਇਨਕਾਰ ਕੀਤਾ ਸੀ, ਉਹੀ ਉਨ੍ਹਾਂ ਦਾ ਪਿਆਰਾ ਯੂਸਫ਼, ਉੱਥੇ ਖੜਾ ਹੈ। ਉੱਥੇ ਅਜਿਹਾ ਸੋਗ ਹੋਵੇਗਾ! ਅਤੇ ਉਹ ਕਹਿਣਗੇ, "ਤੈਨੂੰ ਇਹ ਜ਼ਖ਼ਮ ਕਿੱਥੋਂ ਮਿਲੇ?"

84 ਉਸ ਨੇ ਕਿਹਾ, "ਮੇਰੇ ਸੱਜਣਾਂ ਦੇ ਘਰੋਂ।" ਸਮਝੇ ਮੇਰਾ ਕੀ ਮਤਲਬ ਹੈ? ਪਾਪ ਦਾ, ਅਵਿਸ਼ਵਾਸ ਦਾ ਅੰਤ ਕਰੇ, ਉਹ ਇਸੇ ਲਈ ਆ ਰਿਹਾ ਹੈ।

85 ਅਤੇ ਦਾਨੀਏਲ ਦਾ ਇਹ ਸੱਤਰਵਾਂ ਸਾਲ, ਸਗੋਂ, ਸੱਤਰਵਾਂ ਸਾਤਾ, ਪਾਪ ਦਾ ਅੰਤ ਕਰਨ ਲਈ, ਉਸ ਨੂੰ ਦੂਰ ਕਰਨ ਲਈ ਆ ਰਿਹਾ ਹੈ। ਹੁਣ ਤੁਹਾਨੂੰ ਸਮਝ ਆਈ? ਸਭ ਤੋਂ ਪਹਿਲਾ ਕੀ ਹੈ? "ਅਪਰਾਧ ਨੂੰ ਮੁਕਾਏ।" "ਪਾਪ ਦਾ ਅੰਤ ਕਰੇ।" ਨੰਬਰ ਤਿੰਨ, "ਬੁਰਿਆਈ ਦਾ ਪਰਾਸਚਿਤ ਕਰੇ।" ਤੁਸੀਂ ਜੋ ਇਸਨੂੰ ਲਿਖ ਰਹੇ ਹੋ।

ਮੇਰੇ ਕੋਲ ਲਗਭਗ ਛੇ ਹੋਰ ਧਾਰਮਿਕ ਲਿਖਤਾਂ ਸਨ, ਪਰ ਮੈਂ ਉਹਨਾਂ ਨੂੰ ਛੱਡ ਰਿਹਾ ਹਾਂ, ਕਿਉਂਕਿ ਗਰਮੀ ਹੈ। ਅਸੀਂ ਬਹੁਤ ਜਿਆਦਾ ਸਮਾਂ ਨਹੀਂ ਲੈਣਾ ਚਾਹੁੰਦੇ। ਮੈਂ ਚਾਹੁੰਦਾ ਹਾਂ ਕਿ ਇਸ ਵਿੱਚੋਂ ਜਿੰਨਾ ਹੋ ਸਕੇ ਉਨਾ ਲਵਾਂ, ਪਰ ਤੁਹਾਨੂੰ ਬਹੁਤਾ ਚਿਰ ਰੋਕੀ ਨਾ ਰੱਖਾਂ। ਠੀਕ ਹੈ।

86 "ਬੁਰਿਆਈ ਦਾ ਪਰਾਸਚਿਤ ਕਰੇ।" *ਬੁਰਿਆਈ* ਦਾ ਅਰਥ ਹੈ "ਗਲਤ ਕਰਨਾ," ਜਿਵੇਂ ਉਨ੍ਹਾਂ ਨੇ ਸਲੀਬ ਤੇ ਕੀਤਾ ਸੀ। ਉਸਨੇ ਪਰਾਸਚਿਤ ਕੀਤਾ, ਪਰ ਇਹ ਉਹਨਾਂ ਉੱਤੇ ਲਾਗੂ ਨਹੀਂ ਕੀਤਾ ਜਾਵੇਗਾ। ਇਹ ਉਨ੍ਹਾਂ ਉੱਤੇ ਲਾਗੂ ਨਹੀਂ ਕੀਤਾ ਗਿਆ। ਕਿਉਂ? ਕਿਉਂਕਿ ਉਹ ਅੰਨ੍ਹੇ ਕੀਤੇ ਗਏ ਸਨ ਅਤੇ ਇਸਨੂੰ ਨਹੀਂ ਦੇਖ ਸਕੇ। ਅਤੇ ਉਨ੍ਹਾਂ ਨੂੰ ਅੰਨ੍ਹੇ ਕਿਉਂ ਕੀਤਾ ਗਿਆ ਸੀ?

ਤੁਸੀਂ ਕਹਿੰਦੇ ਹੋ, "ਅੱਛਾ, ਸ਼ਾਇਦ, ਅੱਜ…ਕਿਉਂਕਿ ਮੈਂ ਅੰਨ੍ਹਾ ਹਾਂ।" ਤੁਸੀਂ ਜਾਣਬੁੱਝ ਕੇ ਅੰਨ੍ਹੇ ਹੋ। ਉਹ ਅੰਨ੍ਹੇ ਸਨ ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਅੰਨ੍ਹਾ ਕਰ ਦਿੱਤਾ ਸੀ। ਪਰ ਤੁਸੀਂ ਅੰਨ੍ਹੇ ਹੋ ਕਿਉਂਕਿ ਤੁਸੀਂ ਜਾਣਬੁੱਝ ਕੇ ਅੰਨ੍ਹੇ ਹੋ। ਤੁਹਾਡੇ ਲਈ ਕੋਈ ਪਰਾਸਚਿਤ ਨਹੀਂ ਹੈ। "ਜੇ ਤੁਸੀਂ ਵਿਸ਼ਵਾਸ ਨਹੀਂ ਕਰਦੇ ਕਿ ਮੈਂ ਉਹ ਹਾਂ," ਯਿਸੂ ਨੇ ਕਿਹਾ, "ਤੁਸੀਂ ਆਪਣੇ ਪਾਪਾਂ ਵਿੱਚ ਹੀ ਮਰ ਜਾਓਗੇ।" ਇਹ ਠੀਕ ਹੈ।

87 ਹੁਣ ਆਓ ਅਸੀਂ ਦੁਬਾਰਾ ਜ਼ਕਰਯਾਹ ਵੱਲ ਮੁੜਦੇ ਹਾਂ, 13ਵੇਂ ਅਧਿਆਇ ਵੱਲ। ਹੁਣ ਇੱਥੇ ਸੁਣਦੇ ਹਾਂ। "ਪਰਾਸਚਿਤ ਕਰੇ।" ਹੁਣ, ਜਿੱਥੇ ਇਹ…ਮੈਂ ਕਿਸੇ ਨੂੰ ਲੱਭ ਰਿਹਾ ਸੀ, ਇਹ ਸੁਣੋ—ਇਹ ਸੁਣੋ, ਪਰ ਸ਼ਾਇਦ ਪ੍ਰਭੂ ਇਸਨੂੰ ਕਿਸੇ ਤਰੀਕੇ ਨਾਲ ਪਹੁੰਚਾ ਦੇਵੇਗਾ।

*ਉਸ ਦਿਨ ਉੱਥੇ…*

88 "ਉਸ ਦਿਨ।" ਡਾ. ਸਕੋਫ਼ੀਲਡ ਨੇ ਇੱਥੇ ਆਪਣੇ ਪੰਨੇ ਦੇ ਹੇਠ ਟਿੱਪਣੀਆਂ, ਜਾਂ ਪੈਰੇ ਦੇ ਸਿਰਲੇਖਾਂ ਵਿੱਚ ਲਿਖਿਆ ਹੋਇਆ ਹੈ, "ਬਾਕੀ ਰਹਿੰਦੇ…ਤੋਬਾ ਕਰਨ ਵਾਲੇ ਬਾਕੀ ਲੋਕਾਂ ਨੂੰ ਸਲੀਬ ਵੱਲ ਮੋੜਿਆ ਗਿਆ।"

89 "ਬੁਰਿਆਈ ਦਾ ਪਰਾਸਚਿਤ ਕਰੇ।" *ਬੁਰਿਆਈ* "ਉਹ ਚੀਜ਼ ਹੈ ਜੋ ਤੁਸੀਂ ਗਲਤ ਕੀਤਾ ਹੋਵੇ, ਜਿਸ ਬਾਰੇ ਤੁਹਾਨੂੰ ਚੰਗੀ ਤਰ੍ਹਾਂ ਪਤਾ ਸੀ, ਅਤੇ ਤੁਹਾਨੂੰ ਇਹ ਨਹੀਂ ਕਰਨੀ ਚਾਹੀਦੀ ਸੀ।" "ਜੇ ਮੈਂ ਆਪਣੇ ਮਨ ਵਿੱਚ ਬਦੀ ਰੱਖਦਾ, ਤਾਂ ਪ੍ਰਭੂ ਮੇਰੀ ਨਾ ਸੁਣਦਾ।"

90 ਹੁਣ, ਜ਼ਕਰਯਾਹ 13ਵੇਂ ਅਧਿਆਇ ਵਿੱਚ, ਆਓ ਪਹਿਲੀ—ਪਹਿਲੀ ਆਇਤ ਤੋਂ ਸ਼ੁਰੂ ਕਰੀਏ।

*ਉਸ ਦਿਨ ਇੱਕ ਦਾਊਦ ਦੇ ਘਰਾਣੇ ਵਿੱਚ ਇੱਕ ਸੁੰਬ ਖੋਲ੍ਹਿਆ ਜਾਵੇਗਾ ਅਤੇ ਯਰੂਸ਼ਲਮ ਦੇ ਵਾਸੀਆਂ ਲਈ ਪਾਪ ਦੇ ਕਾਰਨ ਅਤੇ… ਅਸ਼ੁਧਤਾਈ ਦੇ ਕਾਰਨ।*

91 ਉੱਥੇ ਇੱਕ ਘਰ ਖੋਲਿਆ ਜਾਵੇਗਾ। ਚਲੋ ਅੱਗੇ ਪੜ੍ਹੀਏ; ਅਸੀਂ ਇਸਨੂੰ ਹੇਠਾਂ ਤਕ ਪੜ੍ਹ ਸਕਦੇ ਹਾਂ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਤੇ ਨਿਸ਼ਾਨ ਲਗਾਓ ਤਾਂ ਜੋ ਤੁਸੀਂ ਇਸਨੂੰ ਪੜ੍ਹ ਸਕੋ। ਪਰ ਹੁਣ, ਮੈਂ ਇੱਥੇ ਨਿਸ਼ਾਨ ਲਗਾਇਆ ਹੈ ਕਿ 6ਵੀਂ ਆਇਤ ਤੋਂ ਸ਼ੁਰੂ ਕਰਾਂ ਅਤੇ 10ਵੀਂ ਤੱਕ ਪੜ੍ਹਾਂ। ਠੀਕ ਹੈ, ਆਓ ਹੁਣ ਅਸੀਂ ਪੜ੍ਹੀਏ ਅਤੇ ਵੇਖੀਏ, ਸਗੋਂ 9ਵੀਂ ਤੱਕ।

*ਅਤੇ ਕੋਈ ਉਹ ਨੂੰ ਆਖੇਗਾ, ਕਿ ਕਿਥੋਂ…ਤੇਰੇ ਹੱਥਾਂ ਦੇ ਵਿੱਚ ਏਹ ਜਖ਼ਮ ਕੀ ਹਨ? ਤਾਂ ਉਹ ਉਤਰ ਦੇਵੇਗਾ, ਕਿ ਏਹ…ਉਹੋ ਹੀ*

*ਹਨ ਜਿਨ੍ਹਾਂ ਨਾਲ ਮੈਂ...(ਚਲੋ ਵੇਖਦੇ ਹਾਂ।)...ਉੱਤਰ ਦੇਵੇਗਾ, ਜਿਨ੍ਹਾਂ ਨਾਲ ਮੈਂ ਆਪਣੇ ਸੱਜਣਾਂ ਦੇ ਘਰ ਵਿੱਚ ਜ਼ਖਮੀ ਕੀਤਾ ਗਿਆ।*

*ਹੇ ਤਲਵਾਰ, ਮੇਰੇ ਅਯਾਲੀ ਦੇ ਵਿਰੁੱਧ ਜਾਗ, ਅਤੇ ਉਸ ਮਰਦ ਦੇ ਵਿਰੁੱਧ ਜਿਹੜਾ ਮੇਰਾ ਸਾਥੀ ਹੈ, ਸੈਨਾਂ ਦੇ* **ਯਹੋਵਾਹ** *ਦਾ ਵਾਕ ਹੈ: ਅਯਾਲੀ ਨੂੰ ਮਾਰ, ਭਈ ਭੇਡਾਂ ਖਿੱਲਰ ਜਾਣ: ਅਤੇ ਮੈਂ ਆਪਣਾ ਹੱਥ ਛੋਟਿਆਂ ਦੇ ਵਿਰੁੱਧ ਹਿਲਾਵਾਂਗਾ।*

92 ਹੁਣ, ਯਿਸੂ ਨੇ ਉਸ ਲਿਖਤ ਦਾ ਹਵਾਲਾ ਦਿੱਤਾ ਸੀ। ਵੇਖੋ, "ਅਯਾਲੀ ਨੂੰ ਮਾਰ, ਭਈ ਭੇਡਾਂ ਖਿੱਲਰ ਜਾਣ।" ਪਰ ਅਗਲਾ ਪੈਰਾ ਧਿਆਨ ਨਾਲ ਦੇਖੋ। ਉਸ ਨੇ ਸਿਰਫ਼ ਇਹਨਾ ਹੀ ਹਵਾਲਾ ਦਿੱਤਾ ਸੀ। ਪਰ ਦੇਖੋ ਅਗਲਾ ਵਾਕ ਕੀ ਕਹਿੰਦਾ ਹੈ, ਉਸਦਾ ਅਗਲਾ ਹਿੱਸਾ। "ਅਤੇ ਮੈਂ ਆਪਣਾ ਹੱਥ ਛੋਟਿਆਂ ਵੱਲ ਮੋੜਾਂਗਾ।" ਕੀ? ਉਹ ਬਿਨਯਾਮੀਨ ਵਾਲਾ ਸਮੂਹ ਜੋ ਹੁਣ ਉੱਠ ਰਿਹਾ ਹੈ। "ਮੈਂ ਆਪਣਾ ਹੱਥ ਛੋਟਿਆਂ ਵੱਲ ਮੋੜਾਂਗਾ।"

93 "ਅਯਾਲੀ ਨੂੰ ਮਾਰ।" ਇਸਰਾਏਲ ਨੇ, ਪਹਿਲਾਂ, ਇਸਰਾਏਲ ਨੇ ਚਰਵਾਹੇ ਨੂੰ ਮਾਰਿਆ, ਭੇਡਾਂ ਨੂੰ ਸਾਰੀ ਦੁਨੀਆਂ ਵਿੱਚ ਖਿੰਡਾ ਦਿੱਤਾ। ਪਰ ਪਰਮੇਸ਼ੁਰ ਨੇ ਕਿਹਾ, "ਮੈਂ ਆਪਣਾ ਹੱਥ ਪਿੱਛੇ ਮੋੜਾਂਗਾ, ਤਾਂ ਜੋ ਆਖਰੀ ਦਿਨ ਉਨ੍ਹਾਂ ਛੋਟਿਆਂ ਨੂੰ ਲਿਆ ਸਕਾਂ।" ਕਦੋਂ? ਜਦੋਂ ਬੁਰਿਆਈ ਲਈ ਪਰਾਸ਼ਚਿਤ ਕਰ ਦਿੱਤਾ ਜਾਵੇਗਾ।

94 ਇਸਰਾਏਲ ਬਚਾਇਆ ਜਾਵੇਗਾ, ਉਨ੍ਹਾਂ ਵਿੱਚੋਂ ਹਰ ਇੱਕ। ਆਓ ਯਸਾਯਾਹ ਵੱਲ ਮੁੜੀਏ। ਯਸਾਯਾਹ, ਯਸਾਯਾਹ ਦਾ 66ਵਾਂ ਅਧਿਆਇ, ਅਤੇ ਬਸ ਇੱਕ ਪਲ ਲਈ ਪੜ੍ਹੋ। ਅਤੇ ਦੇਖੋ ਕਿ ਪਰਮੇਸ਼ੁਰ ਇਸਰਾਏਲ ਦੇ ਬਚਾਏ ਜਾਣ ਬਾਰੇ ਕੀ ਕਹਿੰਦਾ ਹੈ, ਇਸਰਾਏਲ ਨੂੰ ਬਚਾਉਣ ਵਿੱਚ ਕਿੰਨਾ ਸਮਾਂ ਲੱਗੇਗਾ। ਦੇਖੋ ਇਹ ਕਿੰਨੀ ਜਲਦੀ ਹੋ ਜਾਵੇਗਾ। ਯਸਾਯਾਹ ਵਿੱਚ, 66ਵਾਂ ਅਧਿਆਇ ਅਤੇ 8ਵੀਂ ਆਇਤ। ਜੇ ਤੁਸੀਂ ਇਹ ਸਾਰਾ ਹੀ ਪੜ੍ਹਨਾ ਚਾਹੁੰਦੇ ਹੋ, ਤਾਂ ਠੀਕ ਹੈ।

*ਕਿਹ ਨੇ ਅਜੇਹੀ ਗੱਲ ਸੁਣੀ? ਕਿਹ ਨੇ ਅਜਿਹੀ ਗੱਲ ਵੇਖੀ ਹੈ? ਭਲਾ ਇੱਕ ਦਿਨ ਵਿੱਚ ਕੋਈ ਦੇਸ ਪੈਦਾ ਹੋ ਜਾਵੇਗਾ ਅਤੇ...ਇੱਕ ਦਿਨ ਵਿੱਚ?...ਜਦੋਂ ਤਾਂ ਸੀਯੋਨ ਨੂੰ ਪੀੜ੍ਹਾਂ ਲੱਗੀਆਂ, ਓਸ ਆਪਣੇ ਪੁੱਤ੍ਰਾਂ ਨੂੰ ਜਣਿਆ।*

95 ਜਿਵੇਂ ਹੀ ਸੀਯੋਨ ਨੇ ਦੇਖਿਆ ਕਿ ਉਹ ਉਨ੍ਹਾਂ ਦਾ ਮਸੀਹਾ ਸੀ, ਤਾਂ ਉਸਦਾ ਇੱਕ ਦਿਨ ਵਿੱਚ, ਦੁਬਾਰਾ ਜਨਮ ਹੋਇਆ। "ਪਾਪਾਂ ਲਈ ਪਰਾਸਚਿਤ ਕਰੇ, ਅਤੇ ਬੁਰਿਆਈ, ਅਸ਼ੁੱਧਤਾ ਲਈ ਪਰਾਸਚਿਤ ਕਰੇ।" ਔਹ, ਮੇਰੇ! ਉਨ੍ਹਾਂ

ਨੇ ਉਹ ਕੀਤਾ ਜੋ ਬੁਰਾ ਸੀ, ਉਹ ਜੋ ਗਲਤ ਸੀ। ਉਨ੍ਹਾਂ ਦੀ ਬੁਰਿਆਈ ਲਈ ਪਰਾਸਚਿਤ ਕੀਤਾ ਗਿਆ ਸੀ।

96 ਨੰਬਰ ਚਾਰ। "ਸਦਾ ਦਾ ਧਰਮ ਲਿਆਵੇ।" ਇਹ ਚੌਥੀ ਚੀਜ਼ ਹੈ ਜਿਸ ਲਈ ਉਹ ਆਇਆ ਸੀ। ਚੌਥਾ, ਉਹ ਕੀ ਕਰਨ ਆਇਆ, "ਸਦਾ ਦਾ ਧਰਮ ਲਿਆਉਣ ਲਈ—ਲਈ।" "ਪਾਪ ਦਾ ਅੰਤ ਕਰੇ; ਪਰਾਸਚਿਤ ਕਰੇ; ਅਤੇ ਸਦਾ ਦਾ ਧਰਮ ਲਿਆਵੇ।" ਜਦੋਂ ਇਸਰਾਏਲ ਦੇ ਅਪਰਾਧ ਖਤਮ ਹੋ ਗਏ ਸਨ…ਜਦੋਂ ਇਸਰਾਏਲ ਦਾ ਅਪਰਾਧ…

97 ਹੁਣ ਅਸੀਂ ਜਾਣ ਲੱਗੇ ਹਾਂ…ਮੈਂ ਚਾਹੁੰਦਾ ਹਾਂ ਤੁਸੀਂ ਇਸ ਗੱਲ ਨੂੰ ਪਕੜੋ, ਕਿਉਂਕਿ ਜਦੋਂ ਅਸੀਂ ਉਸ ਔਰਤ ਨੂੰ ਲਿਆਵਾਂਗੇ, ਅਤੇ ਜਦ ਅਜਗਰ ਨੂੰ ਬਾਹਰ ਸੁੱਟਿਆ ਗਿਆ, ਤਾਂ ਤੁਸੀਂ ਮੁੜ ਕੇ ਇਸੇ ਲਿਖਤ ਤੇ ਆ ਜਾਵੋਗੇ। ਇਸਨੂੰ ਜ਼ਰੂਰ ਨੋਟ ਕਰ ਲੈਣਾ। ਜਦੋਂ ਇਸਰਾਏਲ ਦੇ ਅਪਰਾਧ ਦਾ ਅੰਤ ਹੋ ਜਾਵੇਗਾ, ਸ਼ੈਤਾਨ, ਜੋ ਉਨ੍ਹਾਂ ਦਾ ਦੋਸ਼ ਲਗਾਉਣ ਵਾਲਾ ਹੈ ਅਤੇ ਸਾਡੇ ਤੇ ਵੀ ਦੋਸ਼ ਲਗਾਉਣ ਵਾਲਾ ਹੈ, ਸ਼ੈਤਾਨ ਨੂੰ ਅਥਾਹ ਕੁੰਡ ਵਿੱਚ ਮੁਹਰਬੰਦ ਕਰ ਦਿੱਤਾ ਜਾਵੇਗਾ। ਕਦੋਂ ਕੁ? ਜਦੋਂ ਸਦਾ ਦਾ ਧਰਮ ਲਿਆਂਦਾ ਜਾਵੇਗਾ, ਕੁਝ ਐਸਾ ਜੋ ਖਤਮ ਨਹੀਂ ਹੋ ਸਕਦਾ, ਤਾਂ ਜੋ ਕੁਝ ਅਧਰਮ ਪੈਦਾ ਕਰਦਾ ਸੀ ਉਹ ਸਭ ਦੂਰ ਕਰ ਦਿੱਤਾ ਜਾਵੇਗਾ।

98 ਆਓ ਪਰਕਾਸ਼ ਦੀ ਪੋਥੀ ਦਾ 20ਵਾਂ ਅਧਿਆਇ ਤੇ 13ਵੀਂ ਆਇਤ ਲਵਾਂਗੇ, ਇਕ ਮਿੰਟ ਲਈ, ਅਤੇ ਬਸ ਇੱਕ ਮਿੰਟ ਲਈ ਇੱਥੋਂ ਪੜ੍ਹਾਂਗੇ। ਪਰਕਾਸ਼ ਦੀ ਪੋਥੀ 20 ਅਤੇ 13…ਨਹੀਂ, ਮੈਂ ਮਾਫ਼ੀ ਚਾਹੁੰਦਾ ਹਾਂ। ਪਰਕਾਸ਼ ਦੀ ਪੋਥੀ…ਇਹ, 1 ਤੋਂ 3 ਹੈ। ਮੈਂ ਇਸ ਦੇ ਵਿਚਕਾਰ ਉਹ ਛੋਟਾ ਜਿਹਾ ਨਿਸ਼ਾਨ ਨਹੀਂ ਵੇਖਿਆ। ਮੇਰਾ ਪਸੀਨਾ ਮੇਰੀਆਂ ਅੱਖਾਂ ਵਿੱਚ ਆ ਜਾਂਦਾ ਹੈ। ਪਰਕਾਸ਼ ਦੀ ਪੋਥੀ 20ਵਾਂ ਅਧਿਆਇ, ਅਤੇ ਆਓ ਵੇਖੀਏ।

> *ਅਤੇ ਮੈਂ ਇੱਕ ਦੂਤ ਨੂੰ ਸਵਰਗ ਤੋਂ ਹੇਠਾਂ ਆਉਂਦੇ ਦੇਖਿਆ, ਉਸ ਕੋਲ ਅਥਾਹ ਕੁੰਡ ਦੀਆਂ ਚਾਬੀਆਂ ਅਤੇ ਇੱਕ ਵੱਡੀ ਸੰਗਲ ਸੀ।*
>
> *…ਉਹ ਨੇ ਅਜਗਰ ਨੂੰ, ਓਸ ਪੁਰਾਣੇ ਸੱਪ ਨੂੰ, ਜਿਹੜਾ ਇਬਲੀਸ, ਅਤੇ ਸ਼ਤਾਨ ਹੈ ਫੜਿਆ, ਅਤੇ ਹਜ਼ਾਰ ਵਰ੍ਹੇ ਤੀਕ ਉਹ ਨੂੰ ਜਕੜ ਰੱਖਿਆ,*
>
> *ਅਤੇ ਉਹ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੱਤਾ, ਅਤੇ ਇਹ ਨੂੰ ਮੁੰਦ ਕੇ, ਉਹ ਦੇ ਉੱਤੇ ਮੋਹਰ ਲਾਈ, ਭਈ ਉਹ ਕੌਮਾਂ ਨੂੰ ਫੇਰ ਨਾ ਭਰਮਾਵੇ, ਜਿੰਨਾ ਚਿਰ ਹਜ਼ਾਰ ਵਰ੍ਹਾ ਪੂਰਾ ਨਾ ਹੋ ਲਵੇ: ਅਤੇ ਇਹ ਦੇ ਮਗਰੋਂ…ਜ਼ਰੂਰ ਹੈ ਭਈ ਉਹ ਥੋੜੇ ਚਿਰ ਲਈ ਛੱਡਿਆ ਜਾਵੇ।*

99 ਸਦਾ ਦਾ…"ਸਦਾ ਦਾ ਧਰਮ ਲਿਆਵੇ," ਸ਼ੈਤਾਨ ਅਥਾਹ ਕੁੰਡ ਵਿੱਚ ਹੋਵੇਗਾ। ਅਤੇ ਜਦੋਂ ਉਹ ਅਜਿਹਾ ਕਰਦਾ ਹੈ, ਅਤੇ ਸ਼ੈਤਾਨ ਨੂੰ ਮੋਹਰ ਲਾਉਂਦਾ ਹੈ ਜਿਸ ਨੇ ਲੋਕਾਂ ਨੂੰ ਭਰਮਾਇਆ ਹੋਇਆ ਸੀ।

100 ਹੁਣ ਆਓ ਅਸੀਂ ਵਾਪਸ ਹਬੱਕੂਕ ਵੱਲ ਮੁੜੀਏ, ਦੂਜਾ ਅਧਿਆਇ। ਹਬੱਕੂਕ, ਦੂਜਾ ਅਧਿਆਇ। ਅਤੇ ਹੁਣ ਅਸੀਂ ਵੇਖਣ ਜਾ ਰਹੇ ਹਾਂ ਕਿ ਉਸ ਨੇ ਇਸ ਪੁਰਾਣੇ ਸੱਪ ਉੱਤੇ ਮੋਹਰ ਕਿਉਂ ਲਗਾਈ ਸੀ, ਅਤੇ ਇਹ ਕਿਸ ਲਈ ਕੀਤਾ ਗਿਆ ਸੀ, ਅਤੇ ਉਸ ਤੇ ਮੋਹਰ ਲਾਉਣ ਤੋਂ ਤੁਰੰਤ ਬਾਅਦ ਕੀ ਹੁੰਦਾ ਹੈ। ਮੈਨੂੰ ਇਹ ਚੰਗਾ ਲੱਗਦਾ ਹੈ, ਕੀ ਤੁਹਾਨੂੰ ਨਹੀਂ ਲੱਗਦਾ? ਇਹ—ਇਹ ਸਾਨੂੰ ਕੁਝ ਗਿਆਨ ਤੱਕ ਲਿਆਉਂਦਾ ਹੈ। ਹਬੱਕੂਕ, ਹਬੱਕੂਕ, ਦੂਜਾ ਅਧਿਆਇ ਅਤੇ 14ਵੀਂ ਆਇਤ, ਮੈਨੂੰ ਯਕੀਨ ਹੈ ਕਿ ਇਹੀ ਹੈ, ਜੋ ਮੈਂ ਪੜ੍ਹਨਾ ਚਾਹੁੰਦਾ ਹਾਂ। ਜਦੋਂ ਇਹ ਹੁੰਦਾ ਹੈ…ਧਿਆਨ ਦਿਓ।

> *ਕਿਉਂ ਜੋ ਧਰਤੀ ਤਾਂ **ਯਹੋਵਾਹ** ਗਿਆਨ ਅਤੇ ਪਰਤਾਪ ਦੇ ਨਾਲ ਭਰ ਜਾਵੇਗੀ, ਜਿਵੇਂ ਸਮੁੰਦਰ ਪਾਣੀ ਨੂੰ ਢੱਕ ਲੈਂਦਾ ਹੈ।*

101 *ਬਰਰਰਰ!* ਮੇਰੇ! *ਫਯੁ!* ਦੂਜੇ ਸ਼ਬਦਾਂ ਵਿੱਚ, ਜਦੋਂ ਦੁਸ਼ਮਣ ਨੂੰ ਦੂਰ ਕਰ ਦਿੱਤਾ ਜਾਂਦਾ ਹੈ, ਪਾਪ ਦਾ ਅੰਤ ਆ ਜਾਂਦਾ ਹੈ, ਸਦਾ ਦਾ ਧਰਮ ਲਿਆਉਣ ਵਾਲੀ ਗੱਲ ਪੂਰੀ ਹੋ ਜਾਂਦੀ ਹੈ, ਸ਼ੈਤਾਨ ਨੂੰ ਅਥਾਹ ਕੁੰਡ ਵਿੱਚ ਸੁੱਟ ਕੇ ਮੋਹਰ ਲਾ ਦਿੱਤੀ ਜਾਂਦੀ ਹੈ, ਅਤੇ ਯਹੋਵਾਹ ਦਾ ਗਿਆਨ ਧਰਤੀ ਉੱਤੇ ਉਸੇ ਤਰ੍ਹਾਂ ਛਾ ਜਾਵੇਗਾ ਜਿਵੇਂ ਪਾਣੀ ਸਮੁੰਦਰ ਨੂੰ ਢੱਕ ਲੈਂਦਾ ਹੈ। ਆਮੀਨ! ਪਰਮੇਸ਼ੁਰ ਦੀ ਮਹਿਮਾ ਹੋਵੇ! ਇਹ ਆ ਰਿਹਾ ਹੈ, ਭਾਈ, ਇਹ ਆ ਰਿਹਾ ਹੈ! ਔਰਤਾਂ ਮਹਿਲਾਵਾਂ ਹੋਣਗੀਆਂ, ਅਤੇ ਮਰਦ ਸੱਜਣ ਹੋਣਗੇ। ਆਮੀਨ!

> ਜਦੋਂ ਯਹੋਵਾਹ ਦਾ ਗਿਆਨ ਧਰਤੀ, ਸਮੁੰਦਰ ਅਤੇ ਆਕਾਸ਼ ਨੂੰ ਭਰ ਦੇਵੇਗਾ;
> ਅਤੇ, ਔਹ, ਮੇਰਾ ਦਿਲ ਉਸ ਮਿੱਠੇ ਮੁਕਤੀ ਵਾਲੇ ਦਿਨ ਲਈ ਕਰਾਹ ਰਿਹਾ ਹੈ, ਰੋ ਰਿਹਾ ਹੈ,
> ਜਦੋਂ ਸਾਡਾ ਯਿਸੂ ਮੁੜ ਧਰਤੀ ਉੱਤੇ ਆਵੇਗਾ।

102 ਆਮੀਨ! ਠੀਕ ਹੈ। ਹੁਣ, ਤਾਂ ਫਿਰ ਹਜਾਰ ਸਾਲ ਦਾ ਰਾਜ ਸ਼ੁਰੂ ਹੋ ਚੁੱਕਾ ਹੈ। ਇਹੀ ਉਹ ਸਮਾਂ ਹੈ ਜਦੋਂ ਹਜਾਰ ਸਾਲ ਦਾ ਰਾਜ, ਜਦੋਂ ਸ਼ਹਿਰ ਬਣਾਇਆ ਜਾਣਾ ਹੈ। ਚੌਥਾ…ਮੇਰੇ ਕੋਲ ਲਗਭਗ ਛੇ ਹੋਰ ਲਿਖਤਾਂ ਹਨ, ਪਰ ਅਸੀਂ ਜਲਦੀ ਕਰਾਂਗੇ। ਹੁਣ, ਜਦੋਂ ਅਸੀਂ ਵਾਪਸ ਆਵਾਂਗੇ, ਮੈਂ ਉਹਨਾਂ ਹੋਰ ਲਿਖਤਾਂ ਨੂੰ ਲਵਾਂਗਾ; ਪਰ ਤੁਸੀਂ ਮੋਟਾ-ਮੋਟਾ ਸਮਝ ਲਵੋ।

103 ਨੰਬਰ ਪੰਜ। "ਦਰਸ਼ਣ ਅਰ ਅਗੰਮ ਵਾਕ ਉੱਤੇ ਮੋਹਰ ਲਾਵੇ।" ਵੇਖੋ, ਉਹ ਦੂਤ ਦਰਸ਼ਣ ਅਤੇ ਅਗੰਮ ਵਾਕ ਉੱਤੇ ਮੋਹਰ ਲਗਾਉਣ ਲਈ ਆਉਂਦਾ ਹੈ।

ਮੈਨੂੰ—ਮੈਨੂੰ ਇਹ ਕਹਿਣ ਤੋਂ ਘਿਣ ਆਉਂਦੀ ਹੈ। ਪਰ, ਕੋਈ ਵੱਡਾ ਲੇਖਕ, ਜਿਸ ਬਾਰੇ ਮੈਂ ਕੁਝ ਦਿਨ ਪਹਿਲਾਂ ਪੜ੍ਹ ਰਿਹਾ ਸੀ, ਜੇ ਉਸ ਨੇ ਇਹ ਗੜਬੜ ਨਾ ਕੀਤੀ ਹੁੰਦੀ! ਉਹ ਕਹਿੰਦਾ ਸੀ, "ਇਹ ਕੀ ਸੀ..."

ਹੁਣ, ਸਿਰਫ਼ ਇਹ ਵੇਖਾਉਣ ਲਈ ਕਿ ਕਿੰਨਾ ਮੂਰਖਤਾ ਭਰਿਆ...ਔਹ, ਮੈਨੂੰ ਮਾਫ਼ ਕਰਨਾ, ਮੈਂ ਇਹ ਨਹੀਂ ਕਹਿਣਾ ਚਾਹੁੰਦਾ ਸੀ। ਮੈਨੂੰ ਮਾਫ਼ ਕਰਨਾ। ਮੇਰਾ ਇਹ ਮਤਲਬ ਨਹੀਂ ਸੀ, ਸੱਚਮੁੱਚ ਨਹੀਂ ਸੀ। ਨਹੀਂ। ਇਕ—ਇਕ—ਇਕ ਬਿਨਾਂ ਅਭਿਸ਼ੇਕ ਵਾਲਾ ਆਦਮੀ, ਵੇਖੋ।

ਉਸ ਆਦਮੀ ਨੇ ਕਿਹਾ, "ਤੁਸੀਂ ਇੱਥੇ ਵੇਖੋ ਕਿ ਦਰਸ਼ਨ ਅਤੇ ਅਗੰਮ ਵਾਕ ਹਮੇਸ਼ਾਂ ਯਹੂਦੀ ਕਲੀਸਿਆ ਨੂੰ ਹੀ ਮਿਲਦੇ ਸਨ।" ਅਤੇ ਕਿਹਾ, "ਦਾਨੀਏਲ ਦੇ ਸਮੇਂ ਤੋਂ, ਜਦੋਂ ਦਾਨੀਏਲ ਆਇਆ, ਤਾਂ ਇਸਦਾ ਮਤਲਬ ਸੀ ਕਿ ਹੁਣ ਉਨ੍ਹਾਂ ਕੋਲ ਹੋਰ ਦਰਸ਼ਨ ਜਾਂ ਅਗੰਮ ਵਾਕ ਨਹੀਂ ਹੋਣੇ ਸਨ।" ਕਿਹਾ, "ਉਹ ਅੱਜ ਦਰਸ਼ਨਾਂ ਅਤੇ ਅਗੰਮ ਵਾਕਾਂ ਜਿਹੜੀਆਂ ਵੀ ਗੱਲਾਂ ਕਰਦੇ ਹਨ, ਇਹ ਸਭ ਸ਼ੈਤਾਨ ਦੀਆਂ ਚੀਜਾਂ ਹਨ," ਕਿ, "ਦਰਸ਼ਨ ਤੇ ਗੰਮ ਵਾਕ ਜਿਹੀ ਕੋਈ ਚੀਜ਼ ਨਹੀਂ ਸੀ।"

ਭਾਈ, ਦਾਨੀਏਲ ਤੋਂ ਬਾਅਦ ਦਰਜਨਾਂ ਨਬੀ ਹੋਏ ਸਨ। ਉੱਥੇ ਯੂਹੰਨਾ ਬਪਤਿਸਮਾ ਦੇਣ ਵਾਲਾ ਸੀ। ਯਿਸੂ ਮਸੀਹ ਸੀ। ਨਵੇਂ ਨੇਮ ਵਿੱਚ ਨਬੀ ਸਨ। ਉੱਥੇ ਦਰਸ਼ਨ ਸਨ। ਉੱਥੇ ਦੂਤ ਸਨ।

ਇਕ ਮਨੁੱਖ ਇਹ ਕਿਵੇਂ ਕਹਿ ਸਕਦਾ ਹੈ? ਪਰ, ਤੁਸੀਂ ਵੇਖੋ, ਇਹ ਇਕ ਸਵਾਰਥੀ ਮਨਸ਼ਾ ਨਾਲ ਹੁੰਦਾ ਹੈ, ਕਿ ਉਹ ਲੋਕਾਂ ਉੱਤੇ ਕੁਝ ਥੋਪਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਜੋ ਉਹਨਾਂ ਦੀਆਂ ਛੋਟੀਆਂ ਕਲੀਸਿਆਈ ਸਿੱਖਿਆਵਾਂ, ਜਾਂ ਛੋਟੀਆਂ-ਮੋਟੀਆਂ ਗੱਲਾਂ, ਲੋਕਾਂ ਲਈ ਹਕੀਕਤ ਬਣ ਜਾਣ। ਅਤੇ ਜੇ ਲੋਕਾਂ ਕੋਲ ਪਵਿੱਤਰ ਆਤਮਾ ਨਹੀਂ ਹੈ, ਤਾਂ ਉਹ ਇਸ ਗੱਲ ਨਾਲ ਭਰਮਾਏ ਜਾਣਗੇ।

104 ਹੁਣ, ਆਓ ਅਸੀਂ ਕਿਸੇ ਮਨੁੱਖ ਦੀ ਗੱਲ ਨੂੰ ਨਾ ਲਈਏ। ਹੁਣ, ਇੱਕ ਵੀ ਲਿਖਤ ਨਹੀਂ ਹੈ ਜੋ ਇਸ ਗੱਲ ਨੂੰ ਸਾਬਤ ਕਰ ਸਕੇ। ਤਾਂ ਫਿਰ ਮੈਂ ਉਹ ਗੱਲ ਕਿਵੇਂ ਲੈ ਸਕਦਾ ਹਾਂ? ਚਲੋ, ਹੁਣ ਪਤਾ ਕਰੀਏ ਕਿ ਅਸਲ ਵਿੱਚ ਇਹ ਮੋਹਰ ਲਗਾਉਣਾ ਕੀ ਹੈ। ਧਿਆਨ ਦਿਓ! ਉਹ ਇਸ ਲਈ ਆਇਆ ਸੀ, ਕਿ ਦਰਸ਼ਨ ਅਤੇ ਭਵਿੱਖਬਾਣੀ ਤੇ ਮੋਹਰ ਲਾਵੇ।

105 ਹੁਣ, ਆਓ ਮੁੜ ਕੇ ਦਾਨੀਏਲ ਦੀ ਪੁਸਤਕ ਵੱਲ ਹੀ ਵਾਪਸ ਚੱਲੀਏ, ਜਿੱਥੇ ਅਸੀਂ ਸੀ। ਦਾਨੀਏਲ ਦੀ ਪੁਸਤਕ ਵਿੱਚ, ਅਸੀਂ ਪਤਾ ਲਗਾਵਾਂਗੇ ਕਿ

ਇਹ ਅਸਲ ਵਿੱਚ ਕੀ ਕਹਿੰਦੀ ਹੈ। ਹੁਣ, ਆਓ ਦਾਨੀਏਲ ਦੇ 12ਵੇਂ ਅਧਿਆਇ ਨੂੰ ਖੋਲ੍ਹੀਏ। ਹੁਣ, ਜਿਵੇਂ ਹੀ ਅਸੀਂ ਦਾਨੀਏਲ 12 ਤੇ ਆਉਂਦੇ ਹਾਂ, ਹੁਣ, ਅਸੀਂ ਸ਼ੁਰੂ ਕਰ ਸਕਦੇ ਹਾਂ। ਅਤੇ ਪੜ੍ਹਾਂਗੇ…ਜਦੋਂ ਤੁਸੀਂ ਘਰ ਜਾਓ, ਮੈਂ ਚਾਹੁੰਦਾ ਹਾਂ ਕਿ ਤੁਸੀਂ ਪਹਿਲੀ ਆਇਤ ਤੋਂ ਪੜ੍ਹੋ। ਆਓ ਅਸੀਂ ਇਸ ਨੂੰ ਪਹਿਲੀ ਆਇਤ ਤੋਂ, ਚੌਥੀ ਆਇਤ ਤਕ ਪੜ੍ਹਦੇ ਹਾਂ।

*ਉਸ ਵੇਲੇ ਮੀਕਾਏਲ…ਉਹ ਵੱਡਾ ਸਰਦਾਰ ਜੋ ਤੇਰੇ ਲੋਕਾਂ ਦੇ ਬੱਚਿਆਂ ਦੀ ਸਹਾਇਤਾ ਲਈ ਖਲੋਤਾ ਹੈ ਉੱਠੇਗਾ:…*

ਹੁਣ, ਇਹ ਅੰਤ ਦੇ ਸਮੇਂ ਤੇ ਹੋਵੇਗਾ।

*…ਤੇ ਅਜੇਹੀ ਬਿਪਤਾ ਦਾ ਵੇਲਾ ਹੋਵੇਗਾ, ਜਿਹਾ ਕੌਮ…ਦੇ ਮੁੱਢ ਤੋਂ ਲੈ ਕੇ…*

ਇਹ ਉਦੋਂ ਹੁੰਦਾ ਹੈ ਜਦੋਂ ਮਸੀਹ ਵਿਰੋਧੀ, ਪਹਿਲੀ ਮੋਹਰ ਦਾ ਸਵਾਰ, ਅੱਗੇ ਜਾਂਦਾ ਹੈ।

…ਉਸ ਵੇਲੇ ਤੀਕਰ ਕਦੀ ਨਹੀਂ ਹੋਇਆ ਸੀ:…

ਉਸ ਸਮੇਂ ਨਹੀਂ ਜੱਦ ਤੀਤੁਸ ਨੇ ਯਰੂਸ਼ਲਮ ਦੀਆਂ ਕੰਧਾਂ ਨੂੰ ਘੇਰ ਲਿਆ ਸੀ। ਇਹ ਸਿਰਫ਼ ਇੱਕ ਥਾਂ ਤੇ ਸੀ। ਵੇਖੋ ਜਦੋਂ ਇਹ ਮਸੀਹ ਵਿਰੋਧੀ, ਉਹ ਰਾਜਕੁਮਾਰ ਜੋ ਆਉਣ ਵਾਲਾ ਸੀ, ਵੇਖੋ ਜਦੋਂ ਉਹ ਆਉਂਦਾ ਹੈ।

*…ਤੀਕਰ ਕਦੀ ਨਹੀਂ ਹੋਇਆ ਸੀ: ਅਤੇ ਉਸ ਵੇਲੇ ਤੇਰਿਆਂ ਲੋਕਾਂ ਵਿੱਚੋਂ ਹਰ ਕੋਈ, ਜਿਹ ਦਾ ਨਾਉਂ ਪੋਥੀ ਵਿੱਚ ਲਿਖਿਆ ਹੋਇਆ ਹੋਵੇਗਾ ਸੋ ਛੁੱਟੇਗਾ।*

ਹਲਲੂਯਾਹ! "ਤੇਰਿਆਂ ਲੋਕਾਂ," ਇਜ਼ਰਾਈਲ, "ਇੱਕ ਕਿਤਾਬ ਵਿੱਚ ਲਿਖਿਆ ਜਾਵੇਗਾ।"

*ਅਤੇ ਉਨ੍ਹਾਂ ਵਿੱਚੋਂ ਢੇਰ ਸਾਰੇ ਜੋ ਧਰਤੀ ਦੀ ਮਿੱਟੀ ਵਿੱਚ ਸੁੱਤੇ ਪਏ ਹਨ ਜਾਗ ਉੱਠਣਗੇ, ਕਈ ਸਦੀਪਕ ਜੀਉਣ ਲਈ, ਅਤੇ ਕਈ ਸ਼ਰਮਿੰਦਗੀ ਅਤੇ ਸਦੀਪਕ* ਨਿਰਾਦਰੀ ਲਈ।

106 ਇਹ ਕਿਵੇਂ ਹੋ ਸਕਦਾ ਸੀ ਜਦੋਂ ਤੀਤੁਸ ਨੇ ਯਰੂਸ਼ਲਮ ਦੀਆਂ ਕੰਧਾਂ ਤੇ ਕਬਜਾ ਕਰ ਲਿਆ ਸੀ? ਇਹ ਕਿਵੇਂ ਹੋ ਸਕਦਾ ਸੀ? ਇਹ ਨਹੀਂ ਹੋ ਸਕਦਾ ਸੀ। ਵੇਖੋ, ਉਹ ਆਖਰੀ ਸਮਿਆਂ ਦੀ ਗੱਲ ਕਰ ਰਿਹਾ ਹੈ, ਪੁਨਰਉਥਾਨ ਦੇ ਵੇਲੇ ਦੀ। ਕੀ ਇਹ ਸਹੀ ਹੈ? ਹੁਣ:

*ਪਰ ਓਹ ਜਿਹੜੇ ਬੁੱਧਵਾਨ ਹਨ ਅੰਬਰ ਦੇ ਪਰਕਾਸ਼ ਵਾਂਗਰ ਚਮਕਣਗੇ; ਅਤੇ ਓਹ ਜਿਨ੍ਹਾਂ ਦੇ ਉਦਮ ਨਾਲ...ਢੇਰ ਸਾਰੇ ਧਰਮੀ... ਬਣ ਗਏ ਤਾਰਿਆਂ ਵਾਂਗਰ ਜੁੱਗੋ ਜੁੱਗ ਤੀਕਰ...*

ਸੁਣੋ! ਇਹ ਹੈ, ਅਸਲੀ, ਸੱਚੀ ਮੋਹਰ।

*ਪਰ ਤੂੰ, ਹੇ ਦਾਨੀਏਲ, ਇਨ੍ਹਾਂ ਗੱਲਾਂ ਨੂੰ ਮੂੰਦ ਰੱਖ, ਅਤੇ ਪੋਥੀ ਉੱਤੇ ਓੜਕ ਦੇ ਸਮੇਂ ਤੀਕਰ, ਮੋਹਰ ਲਾ ਰੱਖ:...*

107 ਇਹ ਕੀ ਹੈ? ਔਹ, ਹਲਲੂਯਾਹ! ਕੀ ਤੁਸੀਂ ਇਹ ਵੇਖ ਰਹੇ ਹੋ, ਜਮਾਤੀਓ? ਯਿਸੂ ਮਸੀਹ ਦੇ, ਉਸਦੀ ਸ਼ਕਤੀ ਦੇ, ਉਸਦੀ ਆਮਦ ਦੇ, ਅੰਤ ਸਮੇਂ ਦੇ ਪ੍ਰਕਾਸ਼ਨ ਨੂੰ, ਇਸ ਸਮੇਂ ਤੱਕ ਮੋਹਰਬੰਦ ਕਰ ਦਿੱਤਾ ਗਿਆ ਸੀ। ਉਹ ਇਹੀ ਕਰਨ ਲਈ ਆਇਆ ਹੈ। ਇਹ ਵਿਦਵਾਨਾਂ ਤੋਂ ਲੁਕੋਇਆ ਗਿਆ ਹੈ; ਇਸ ਵਿੱਚ ਹੈਰਾਨੀ ਦੀ ਕੋਈ ਗੱਲ ਨਹੀਂ ਕਿ ਉਹ "ਮੋਹਰਬੰਦ ਕਰਨ ਨੂੰ", ਜੋ ਉੱਥੇ ਪਿਛਾਂਹ ਦੀ ਗੱਲ ਹੈ, "ਕੋਈ ਨਬੀ ਨਹੀਂ" ਤਕ, ਲਾਗੂ ਕਰਨਾ ਚਾਹੁੰਦੇ ਹਨ, ਅਤੇ ਹਰੇਕ ਚੀਜ ਜੋ ਪਹਿਲਾਂ ਸੀ। ਇਹ ਟਿਕ ਨਹੀਂ ਸਕਦਾ। ਪਰ ਦਰਸ਼ਨ, ਇਹ ਦਰਸ਼ਨ, ਬਿਲਕੁਲ ਹੁਣ ਤਕ ਮੋਹਰਬੰਦ ਰੱਖਿਆ ਗਿਆ ਸੀ। ਅਤੇ ਇੱਥੇ ਹੀ ਮੈਂ ਆਪਣਾ ਵਿਸ਼ਵਾਸ ਰੱਖ ਰਿਹਾ ਹਾਂ, ਕਿ ਪਰਮੇਸ਼ੁਰ ਉਹ ਸੱਤਰ ਸਾਤੇ ਪ੍ਰਗਟ ਕਰੇਗਾ। ਆਮੀਨ! "ਇਸਨੂੰ ਮੋਹਰ ਲਾ ਰੱਖ," ਉਸ ਨੇ ਕਿਹਾ, "ਓੜਕ ਦੇ ਸਮੇਂ ਤੱਕ। ਸ਼ਬਦਾਂ ਨੂੰ ਬੰਦ ਕਰ ਦੇ ਅਤੇ ਪੁਸਤਕ ਨੂੰ ਓੜਕ ਦੇ ਸਮੇਂ ਤੀਕ ਮੋਹਰਬੰਦ ਕਰ ਦੇ।"

108 ਉਸਨੇ ਕੀ ਕੀਤਾ? ਦਰਸ਼ਨ ਅਤੇ ਅਗੰਮ ਵਾਕ ਨੂੰ ਮੋਹਰ ਲਾ ਦਿੱਤੀ! ਦਾਨੀਏਲ ਨੇ ਇਨ੍ਹਾਂ ਗੱਲਾਂ ਦੀ ਭਵਿੱਖਬਾਣੀ ਕੀਤੀ ਸੀ। ਉਸਨੇ ਦਰਸ਼ਨ ਵਿੱਚ ਇਹ ਦੇਖਿਆ, ਅਤੇ ਦਰਸ਼ਨ ਨੂੰ ਮੋਹਰਬੰਦ ਕਰਨ ਲਈ ਦੂਤ ਆਇਆ, ਅਤੇ ਅਗੰਮ ਵਾਕ ਨੂੰ ਮੋਹਰਬੰਦ ਕਰਨ ਲਈ। ਉਹ ਇਸਨੂੰ ਪੜ੍ਹ ਸਕਦੇ ਹਨ, ਪਰ ਸਮਝ ਨਹੀਂ ਸਕਦੇ, ਅੰਤ ਸਮੇਂ ਤੱਕ। ਅੰਤ ਸਮਾਂ, ਅੰਤ ਸਮਾਂ ਕੀ ਹੈ? ਸੱਤਰਵੇਂ ਸਾਤੇ ਦੇ ਅੰਤ ਤੇ, ਜਦੋਂ ਉਹ ਰਾਜਕੁਮਾਰ, ਮਸੀਹ ਵਿਰੋਧੀ, ਪ੍ਰਗਟ ਹੋਵੇਗਾ, ਇਸ ਸਮੇਂ, ਆਪਣੇ ਆਪ ਨੂੰ ਪਰਮੇਸ਼ੁਰ ਬਣਾ ਰਿਹਾ ਹੋਵੇਗਾ। ਅਸੀਂ ਕਿਵੇਂ ਜਾਣਦੇ ਹਾਂ ਕਿ ਇਹ ਉਸ ਸਮੇਂ ਤੱਕ ਮੋਹਰਬੰਦ ਹੈ? ਦਾਨੀਏਲ ਹਾਲ ਹੀ ਵਿੱਚ ਮੁਕੰਮਲ ਹੋਇਆ ਹੈ; ਇਹ ਦਾਨੀਏਲ ਦਾ ਆਖਰੀ ਅਧਿਆਇ ਹੈ।

109 ਭੈਣ ਸਿਮਪਸਨ ਨੇ ਮੈਨੂੰ ਅੱਜ ਦੁਪਹਿਰ ਦੱਸਿਆ, ਉਸਨੇ ਕਿਹਾ, "ਭਾਈ ਬ੍ਰਨਹਾਮ, ਮੈਂ ਦਾਨੀਏਲ ਦੀ ਪੂਰੀ ਪੁਸਤਕ ਪੜ੍ਹੀ। ਮੈਂ—ਮੈਂ ਜਦੋਂ ਰੁਕੀ, ਪੜ੍ਹ ਕੇ ਖਤਮ ਕੀਤਾ, ਤਾਂ ਮੈਨੂੰ ਉਹਦੇ ਨਾਲੋਂ ਕੁਝ ਵੀ ਵੱਧ ਨਹੀਂ ਪਤਾ ਸੀ ਜਦੋਂ ਮੈਂ ਸ਼ੁਰੂਆਤ ਕੀਤੀ ਸੀ।" ਇਹ ਇੱਥੇ ਹੈ, ਭੈਣ ਸਿਮਪਸਨ, ਜੇ ਤੁਸੀਂ ਅੱਜ ਰਾਤ

ਇੱਥੇ ਹੋ। ਮੈਨੂੰ ਯਕੀਨ ਹੈ ਕਿ ਮੈਂ ਉਹਨੂੰ ਉੱਥੇ ਬੈਠੀ ਨੂੰ ਦੇਖ ਰਿਹਾ ਹਾਂ। ਮੈਂ ਸ਼ੁਰੂਆਤ ਵਿੱਚ ਕੁਝ ਨਹੀਂ ਕਿਹਾ। ਮੈਂ ਚੁਪ ਰਹਿ ਗਿਆ, ਕਿਉਂਕਿ ਸੋਚਿਆ ਕਿ ਸ਼ਾਇਦ ਮੈਂ ਇਸਤੇ ਜਾਵਾਂਗਾ।

ਪਰ, ਜੋ ਦਰਸ਼ਨ ਦਾਨੀਏਲ ਨੇ, ਦਰਿਆ ਦੇ ਕੋਲ ਦੇਖਿਆ ਸੀ, ਉਹ ਮੋਹਰਬੰਦ ਸੀ, "ਆਖਰੀ ਸਮਿਆਂ ਤੱਕ।" ਇਹ ਹੈ...ਮੈਨੂੰ ਅੱਗੇ ਵਧਣ ਦਿਓ ਅਤੇ ਇਸਨੂੰ ਪੜ੍ਹਨ ਦਿਓ। ਸਮਝੇ?

*ਪਰ ਤੂੰ ਹੇ ਦਾਨੀਏਲ, ਇਨ੍ਹਾਂ ਗੱਲਾਂ ਨੂੰ ਮੂੰਦ ਰੱਖ ਅਤੇ ਪੋਥੀ ਉੱਤੇ ਅੰਤ ਦੇ ਸਮੇਂ ਤੀਕਰ ਮੋਹਰ ਲਾ ਰੱਖ: ਬਥੇਰੇ ਇੱਧਰ ਉੱਧਰ ਭੱਜਣਗੇ, ਅਤੇ ਵਿੱਦਿਆ* ਵਧੇਗੀ।

ਤਾਂ *ਮੈਂ ਦਾਨੀਏਲ ਨੇ ਡਿੱਠਾ, ਅਤੇ, ਕੀ ਵੇਖਦਾ ਹਾਂ, ਜੋ ਦੋ ਹੋਰ... ਖਲੋਤੇ ਸਨ,...ਇੱਕ ਦਰਿਆ ਦੇ ਕੰਢੇ ਦੇ...ਉਰਲੇ ਪਾਸੇ, ਅਤੇ ਇੱਕ ਦਰਿਆ ਦੇ ਕੰਢੇ ਦੇ ਪਰਲੇ ਪਾਸੇ।*

*ਅਤੇ ਇੱਕ ਨੇ ਉਸ ਮਨੁੱਖ ਨੂੰ ਪੁੱਛਿਆ ਜੋ ਸੁਥਰੇ ਲੀੜੇ ਪਹਿਨੀ, ਜੋ ਦਰਿਆ ਦੇ ਪਾਣੀਆਂ ਉੱਤੇ ਸੀ, ਭਈ ਏਹ ਅਚਰਜ ਗੱਲਾਂ ਕਿੰਨੇ ਚਿਰ ਪਿੱਛੋਂ ਅੰਤ ਤੋੜੀ ਪੁੱਜਣਗੀਆਂ?*

ਹੁਣ ਸੁਣੋ।

*ਅਤੇ ਮੈਂ ਸੁਣਿਆ ਜੋ ਉਸ ਮਨੁੱਖ ਜੋ ਜਿਹੜਾ ਸੁਥਰੇ ਲੀੜੇ ਪਹਿਨੀ, ਅਤੇ ਜਿਹੜਾ ਦਰਿਆ ਦੇ ਪਾਣੀਆਂ ਉੱਤੇ ਸੀ, ਆਪਣਾ ਸੱਜਾ ਅਤੇ ਆਪਣਾ ਖੱਬਾ ਹੱਥ ਅਕਾਸ਼ ਵੱਲ ਉੱਚਾ ਕਰ ਕੇ,* ਜੋ ਸਦਾ ਜੀਉਂਦਾ *ਹੈ ਉਸ ਦੀ ਸੌਂਹ ਚੁੱਕੀ ਅਤੇ ਆਖਿਆ ਜੋ ਇੱਕ ਸਮਾ ਅਤੇ,* ਸਮੇ *ਅਰ ਅੱਧੇ ਸਮੇਂ ਤੀਕਰ ਰਹਿਣਗੀਆਂ;...*

ਹੁਣ, ਅਸੀਂ ਬਿਲਕੁਲ ਸਹੀ—ਸਹੀ ਹੋ ਗਏ ਹਾਂ, "ਸਮਾਂ, ਸਮਾਂ, ਅਤੇ ਅੱਧਾ ਸਮਾਂ।" ਹੁਣ ਤੁਸੀਂ ਦੇਖੋ ਜਦੋਂ ਅਸੀਂ ਦਾਨੀਏਲ ਦੇ ਸੱਤਰ ਸਾਤਿਆਂ ਵਿੱਚ ਜਾਵਾਂਗੇ, ਤਾਂ ਇਹ ਕਿਵੇਂ ਬਾਹਰ ਆਉਂਦਾ ਹੈ। ਉਸੇ ਵੇਲੇ ਭੇਤ ਪ੍ਰਗਟ ਕੀਤਾ ਜਾਵੇਗਾ। ਠੀਕ ਹੈ। "ਸਮਾਂ, ਸਮਾਂ, ਅਤੇ ਅੱਧਾ ਸਮਾਂ।"

*...ਅਤੇ ਜਦੋਂ ਉਹ...("ਉਹ,"* ਹੁਣ ਇਹ ਵਿਅਕਤੀਗਤ ਪੜ੍ਹਨਾਂਵ ਹੈ, ਜੋ ਮਸੀਹ ਵਿਰੋਧੀ ਹੈ)...ਪੂਰਾ ਕਰ-...*ਪਵਿੱਤ੍ਰ ਲੋਕਾਂ ਦੇ ਜ਼ੋਰ ਨੂੰ ਮੂਲੋਂ ਤੋੜਨ ਦਾ ਕੰਮ ਪੂਰਾ ਕਰ ਚੁੱਕਣਗੇ,* (ਉਦੋਂ ਹੀ ਉਹ ਸਾਤੇ ਦੇ ਵਿਚਕਾਰ ਆਪਣੇ ਨੇਮ ਨੂੰ ਤੋੜ੍ਹ ਦੇਵੇਗਾ), *ਤਦ ਏਹ ਸੱਭ ਗੱਲਾਂ ਪੂਰੀਆਂ ਹੋਣਗੀਆਂ।* (ਆਮੀਨ।)

*ਅਤੇ ਮੈਂ ਸੁਣਿਆ, ਤਾਂ ਪਰ ਸਮਝਿਆ ਨਾ: ਤਦ ਮੈਂ ਆਖਿਆ, ਹੇ...ਮੇਰੇ ਪ੍ਰਭੂ, ਇਨ੍ਹਾਂ ਗੱਲਾਂ ਦਾ ਅੰਤ ਕੀ ਹੋਵੇਗਾ?*

*ਅਤੇ ਉਸ ਨੇ ਆਖਿਆ, ਹੇ ਦਾਨੀਏਲ: ਤੂੰ ਆਪਣੇ ਰਾਹ ਤੇ ਤੁਰਿਆ ਜਾਹ ਕਿਉਂ ਜੋ ਏਹ ਗੱਲਾਂ ਮੁੰਦੀਆਂ ਹੋਈਆਂ ਅਤੇ ਮੋਹਰਾਂ ਲੱਗੀਆਂ ਹੋਈਆਂ ਹਨ...*[ਸਭਾ ਕਹਿੰਦੀ ਹੈ, "*ਅੰਤ ਤੀਕਰ।*"—ਸੰਪਾ.]

ਓਹ, ਤੁਸੀਂ ਇਸ ਨੂੰ ਨਾ ਭੁੱਲਣਾ।

*...ਅੰਤ ਦੇ ਵੇਲੇ ਤੀਕਰ।*

*ਬਥੇਰੇ ਆਪਣੇ ਆਪ ਨੂੰ ਪਵਿੱਤ੍ਰ ਕਰਨਗੇ, ਅਤੇ ਆਪ ਨੂੰ ਚਿੱਟੇ ਬਣਾਉਣਗੇ ਅਤੇ ਤਾਏ ਜਾਣਗੇ; ਪਰ ਦੁਸ਼ਟ ਬੁਰਿਆਈ ਕਰਦੇ ਰਹਿਣਗੇ: ਅਤੇ ਦੁਸ਼ਟਾਂ ਵਿੱਚੋਂ ਕੋਈ ਨਾ ਸਮਝੇਗਾ; ਪਰ ਬੁੱਧਵਾਨ ਸਮਝਣਗੇ।*

110 ਅੰਤ-ਸਮੇਂ ਦਾ ਸੰਦੇਸ਼ ਇਸ ਨੂੰ ਪ੍ਰਗਟ ਕਰੇਗਾ; ਆਖ਼ਰੀ ਕਲੀਸਿਆਈ ਯੁੱਗ। ਮਹਿਮਾ ਹੋਵੇ! ਵਾਹ! ਇਹੀ ਗੱਲ ਹੈ! ਓਹ, ਮੇਰੇ! ਇਸ ਭੇਤ ਬਾਰੇ, ਸੋਚ ਕੇ ਹੀ, ਮੈਂ ਕੰਬ ਜਾਂਦਾ ਹਾਂ! ਉਹ ਚੀਜ਼ਾਂ ਜਿਨ੍ਹਾਂ ਵੱਲ ਕਲੀਸਿਆ ਜਗਤ ਆਪਣਿਆਂ ਅੱਖਾਂ ਮੀਚ ਲੈਂਦਾ ਹੈ, ਅਤੇ ਕਹਿੰਦਾ ਹੈ, "ਇਹ ਬਕਵਾਸ ਹੈ।" ਇਸ ਗੱਲ ਦਾ ਭੇਤ ਕਿ ਯਿਸੂ ਮਸੀਹ ਕੌਣ ਸੀ; ਕੋਈ ਤੀਜਾ ਵਿਅਕਤੀ ਨਹੀਂ, ਦੂਜਾ ਵਿਅਕਤੀ ਨਹੀਂ, ਨਾ ਹੀ ਤੀਜਾ ਵਿਅਕਤੀ, ਪਰ ਖ਼ੁਦ ਪਰਮੇਸ਼ੁਰ ਦੀ ਹਸਤੀ। ਪਰਮੇਸ਼ੁਰ ਦੇ ਇਹ ਸਾਰੇ ਹੋਰ ਭੇਤ ਪ੍ਰਗਟ ਕੀਤੇ ਜਾਣਗੇ, ਕਿਉਂਕਿ ਇਹ ਇਸ ਕਿਤਾਬ ਵਿੱਚ ਲਿਖੇ ਹੋਏ ਹਨ, ਅਤੇ ਅੰਤ-ਸਮੇਂ ਦੀ ਪੀੜ੍ਹੀ ਲਈ ਪ੍ਰਗਟ ਕੀਤੇ ਜਾਣਗੇ। ਉਹਨਾਂ ਨੂੰ ਸੈਮੀਨਰੀਆਂ, ਸਕੂਲਾਂ, ਜਾਂ ਮਜ਼ਹਬੀ ਫ਼ਿਰਕਿਆਂ ਰਾਹੀਂ ਇਹ ਸਮਝ ਨਹੀਂ ਆ ਸਕਦਾ, ਜਿਵੇਂ ਯਹੂਦੀਆਂ ਨੂੰ ਸਮਝ ਨਹੀਂ ਆਈ ਕਿ ਯਿਸੂ ਹੀ ਮਸੀਹਾ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਉਹ ਤੁਹਾਨੂੰ ਪਾਗਲ ਸਮਝਦੇ ਹਨ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਉਹ ਤੁਹਾਨੂੰ ਮੂਰਖ ਸਮਝਦੇ ਹਨ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਉਹ ਨਹੀਂ ਸਮਝ ਸਕਦੇ ਕਿ ਤੁਸੀਂ ਉਨ੍ਹਾਂ ਨਾਲ ਕੁੜ-ਕੁੜ ਕਿਉਂ ਨਹੀਂ ਕਰਦੇ। ਕਿਉਂਕਿ, ਇਸਦੇ ਪਿੱਛੇ ਇੱਕ ਸ਼ਕਤੀ ਅਤੇ ਇੱਕ ਦਰਸ਼ਨ ਹੈ, ਪਰਮੇਸ਼ੁਰ ਦਾ ਵਚਨ ਜੋ ਪ੍ਰਗਟ ਕੀਤਾ ਗਿਆ ਹੈ, ਤਾਂ ਜੋ ਕਲੀਸਿਯਾ ਨੂੰ ਉਠਾਏ ਜਾਣ ਅਤੇ ਘਰ ਜਾਣ ਲਈ ਕ੍ਰਮਬੱਧ ਕੀਤਾ ਜਾ ਸਕੇ। ਹਾਂ। "ਬਥੇਰੇ ਇੱਧਰ ਉੱਧਰ ਭੱਜਣਗੇ, ਅਤੇ ਵਿੱਦਿਆ ਵਧੇਗੀ।" ਜ਼ਰੂਰ।

111 ਹੁਣ, ਹੋਰ ਕਿਹੜੀ ਗੱਲ ਹੈ ਜਿਹੜੀ ਜਾਣੀ ਜਾਵੇਗੀ? ਅੱਜ ਕਲੀਸਿਆਵਾਂ

ਵੱਲ ਵੇਖੋ। ਇਹ ਇੱਥੇ ਹੈ। ਉਮੀਦ ਕਰਦਾ ਹਾਂ ਕਿ ਇਹ ਕਿਸੇ ਨੂੰ ਚੁਭੇ ਨਾ, ਪਰ ਮੈਨੂੰ ਕਹਿਣਾ ਪਏਗਾ। ਬਣਾਉਣਾ...

112 ਉਸ ਦਿਨ ਇੱਕ ਮਸੀਹ ਵਿਰੋਧੀ ਉੱਠੇਗਾ।

113 ਹੁਣ, ਯਾਦ ਰੱਖਣਾ, ਜਦੋਂ ਅਸੀਂ ਮੋਹਰਾਂ ਵਿੱਚ ਪਹੁੰਚਦੇ ਹਾਂ, ਤਾਂ ਉਹ ਮਸੀਹ ਵਿਰੋਧੀ ਉਹਨਾਂ ਮੋਹਰਾਂ ਦੇ ਉੱਪਰ ਹੀ ਸਵਾਰ ਹੋ ਕੇ ਨਿਕਲਦਾ ਹੈ। ਦਾਨੀਏਲ ਨੇ ਇੱਥੇ ਇਸ ਬਾਰੇ ਬੋਲਿਆ ਸੀ, "ਉਹ ਰਾਜਕੁਮਾਰ ਜੋ ਆਉਣ ਵਾਲਾ ਸੀ।" ਯਿਸੂ ਕੱਟਿਆ ਜਾਵੇਗਾ, ਯਿਸੂ ਕੱਟਿਆ ਜਾਵੇਗਾ, ਤਾਂ ਜੋ ਲੋਕਾਂ ਲਈ ਪ੍ਰਾਸਚਿਤ ਕਰੇ। ਪਰ, "ਉਹ ਰਾਜਕੁਮਾਰ ਜੋ ਖੜ੍ਹਾ ਹੋਵੇਗਾ, ਅਤੇ ਉਜਾੜਣ ਦਾ ਘਿਣੌਣਾ ਕੰਮ ਕਰੇਗਾ," ਉਹ ਰੋਮ ਸੀ, ਤੀਤੁਸ ਰਾਹੀਂ। ਅਤੇ ਇਸ ਵਾਰ, ਇਹ ਰਾਜਕੁਮਾਰ ਰੋਮ ਵਿੱਚੋਂ ਹੀ ਆਵੇਗਾ, ਜੋ ਇਹ ਕੰਮ ਕਰੇਗਾ। ਅਤੇ ਉਹ ਆਖ਼ਰੀ ਦਿਨਾਂ ਵਿੱਚ ਪ੍ਰਗਟ ਕੀਤਾ ਜਾਵੇਗਾ, ਹੁਣ ਸੁਣੋ, "ਆਪਣੇ ਆਪ ਨੂੰ ਪਰਮੇਸ਼ੁਰ ਬਣਾਉਂਦਾ ਹੈ," ਜਿਵੇਂ ਪਵਿੱਤਰ ਆਤਮਾ ਸਾਨੂੰ ਦੂਜੇ ਥੱਸਲੁਨੀਕੀਆਂ ਵਿੱਚ ਚੇਤਾਵਨੀ ਦਿੰਦਾ ਹੈ, ਦੂਜੇ ਵਿੱਚ।

ਆਓ ਜਰਾ ਇਸ ਵੱਲ ਚੱਲੀਏ, ਦੂਜਾ ਥੱਸਲੁਨੀਕੀਆਂ, ਤਾਂ ਜੋ ਤੁਹਾਡੇ ਕੋਲ ਮੇਰਾ ਨਹੀਂ ਪਰਮੇਸ਼ੁਰ ਦਾ ਬਚਨ ਹੋਵੇ। ਦੂਜਾ ਥੱਸਲੁਨੀਕੀਆਂ, ਦੂਜਾ ਅਧਿਆਇ ਅਤੇ ਬਾਰ੍ਹਵੀਂ ਆਇਤ। ਆਓ ਵੇਖੀਏ। ਦੂਜਾ ਥੱਸਲੁਨੀਕੀਆਂ, ਦੂਜਾ ਅਧਿਆਇ ਅਤੇ ਬਾਰ੍ਹਵੀਂ ਆਇਤ। ਆਓ ਵੇਖਦੇ ਹਾਂ। ਇਸ ਤੋਂ ਉੱਪਰੋਂ ਸ਼ੁਰੂ ਕਰੀਏ, ਸੱਤਵੀਂ ਆਇਤ ਤੋਂ।

*ਕੁਧਰਮ ਦੀ ਭੇਤ ਹੁਣ ਵੀ ਤਾਂ ਅਸਰ ਕਰੀ ਜਾਂਦੀ ਹੈ:...*

(ਇਹ ਪੌਲੁਸ ਬੋਲ ਰਿਹਾ ਹੈ, ਪਵਿੱਤਰ ਆਤਮਾ ਦੁਆਰਾ।)...

*ਪਰ—ਪਰ ਜਦ ਤਾਈਂ ਉਹ ਵਿੱਚੋਂ ਹਟ ਨਾ ਜਾਵੇ, ਇੱਕ ਡੱਕਣ ਵਾਲਾ ਹੈ।*

ਇੱਥੇ "ਉਹ" ਕੌਣ ਹੈ? ਕੀ ਕੋਈ ਜਾਣਦਾ ਹੈ? ਪਵਿੱਤਰ ਆਤਮਾ, "ਉਹ ਜੋ ਡੱਕਣ ਵਾਲਾ ਹੈ।"

*ਅਤੇ ਤਦ* (ਕਦ) *ਉਹ ਕੁਧਰਮੀ ਪਰਗਟ ਹੋਵੇਗਾ,...*

ਕਦੋਂ? ਠੀਕ ਉਸ ਵੇਲੇ ਜਦੋਂ ਪਵਿੱਤਰ ਆਤਮਾ ਨੂੰ ਵਾਪਸ ਲਿਆ ਜਾ ਰਿਹਾ ਹੋਵੇਗਾ, ਜੋ ਹੁਣ ਜਾਣ ਲਈ ਤਿਆਰ ਹੈ। ਉਹ ਕਿਸ ਲਈ ਜਾ ਰਿਹਾ ਹੈ? ਕਲੀਸਿਯਾ ਨੂੰ ਆਪਣੇ ਨਾਲ ਲੈ ਕੇ ਜਾ ਰਿਹਾ ਹੈ। "ਪ੍ਰਗਟ ਹੋਵੇਗਾ!" ਪੌਲੁਸ ਪ੍ਰੇਰਨਾ ਅਧੀਨ, ਬੋਲ ਰਿਹਾ ਹੈ।

*...ਜਿਹ ਨੂੰ ਪ੍ਰਭੁ ਯਿਸੂ ਆਪਣੇ ਮੁਖ ਦੇ ਸਾਹ ਨਾਲ ਦਗਧ ਕਰੇਗਾ, ਅਤੇ ਆਪਣੇ ਆਉਣ ਦੇ ਪਰਕਾਸ਼ ਨਾਲ ਨਾਸ ਕਰੇਗਾ:* (ਉਸ ਕੁਧਮਰੀ ਨੂੰ, ਬੇਸ਼ੱਕ)

*ਉਹ ਵੀ, ਜਿਸ ਦਾ ਆਉਣਾ ਸ਼ਤਾਨ ਦੇ ਅਮਲ ਅਨੁਸਾਰ ਹਰ ਪਰਕਾਰ ਦੀ ਸ਼ਕਤੀ, ਝੂਠੀਆਂ ਨਿਸ਼ਾਨੀਆਂ ਅਤੇ ਅਚਰਜਾਂ ਨਾਲ ਹੋਵੇਗਾ,*

"ਅਸੀਂ ਸਭ ਤੋਂ ਮਹਾਨ ਕਲੀਸਿਯਾ ਹਾਂ। ਸਾਡੇ ਕੋਲ *ਇਹ* ਹੈ। ਸਾਡੇ ਕੋਲ *ਇਹ* ਹੈ। ਤੁਸੀਂ ਸਾਰੇ ਇਕੱਠੇ ਹੋਵੋ," ਵੇਖਿਆ। "ਅਸੀਂ ਸਭ ਤੋਂ ਮਹਾਨ ਹਾਂ।" ਝੂਠੇ ਚਮਤਕਾਰ!

*ਨਾਲੇ ਓਹਨਾਂ ਲਈ...ਜਿਹੜੇ ਨਾਸ ਹੋ ਰਹੇ ਹਨ ਕੁਧਰਮ ਦੇ ਹਰ ਪਰਕਾਰ ਦੇ ਛਲ ਨਾਲ; ਇਸ ਕਾਰਨ ਜੋ ਓਹਨਾਂ ਨੇ ਸਚਿਆਈ ਦੇ ਪ੍ਰੇਮ ਨੂੰ ਕਬੂਲ ਨਾ ਕੀਤਾ ਜਿਸ ਤੋਂ ਓਹਨਾਂ ਦੀ ਮੁਕਤੀ ਹੋ ਜਾਂਦੀ।*

*ਅਤੇ ਇਸੇ ਕਰਕੇ ਪਰਮੇਸ਼ੁਰ ਓਹਨਾਂ ਉੱਤੇ ਧੋਖੇ ਦਾ ਅਸਰ ਘੱਲਦਾ ਹੈ, ਭਈ ਉਹ ਝੂਠ ਨੂੰ ਸੱਚ ਮੰਨਣ—ਝੂਠ ਨੂੰ ਸੱਚ ਮੰਨਣ:*

*ਅਤੇ ਤਾਂ ਜੋ ਓਹ...ਸੱਭੇ ਦੋਸ਼ੀ ਠਹਿਰਨ ਜਿਨ੍ਹਾਂ ਸੱਚ ਨੂੰ ਨਾ ਮੰਨਿਆ, ਸਗੋਂ ਕੁਧਰਮ ਉੱਤੇ ਪਰਸੰਨ ਰਹੇ।*

114 ਕੀ ਤੁਸੀਂ ਇਹ ਸਮਝ ਗਏ? ਔਹ, ਮੇਰੇ! ਹੁਣ, ਪੌਲੁਸ ਬੋਲ ਰਿਹਾ ਹੈ। ਉਹ ਸਮਾਂ ਜਦੋਂ ਪਰਮੇਸ਼ੁਰ ਦੀ ਮੋਹਰ, ਉਸਦੀ ਆਤਮਾ, ਉਸਦਾ ਨਾਮ, ਉਸਦੀ ਕਿਰਪਾ ਪ੍ਰਗਟ ਕੀਤੀ ਜਾ ਰਹੀ ਹੈ, ਉਹ ਸਾਰੇ ਵੱਡੇ ਭੇਤ ਜੋ ਹੁਣ ਪਰਗਟ ਕੀਤੇ ਜਾ ਰਹੇ ਹਨ, ਉਸਦੀ ਕਲੀਸਿਯਾ ਨੂੰ ਉਠਾਏ ਜਾਣ ਲਈ ਤਿਆਰ ਕਰਨ ਦੀ ਯੋਜਨਾ; ਪਵਿੱਤਰ ਆਤਮਾ ਦਾ ਉਡੇਲਿਆ ਜਾਣਾ ਇਹ ਸਭ ਕਰ ਚੁੱਕਾ ਹੈ। ਇਹੀ ਉਸ ਨੇ ਅਖੀਰਲੇ ਦਿਨਾਂ ਵਿੱਚ ਕੀਤਾ ਹੈ।

115 ਹੁਣ, ਆਓ ਵੇਖੀਏ। ਕੀ ਸਾਡੇ ਕੋਲ ਇਸ ਆਖਰੀ ਲਈ ਸਮਾਂ ਹੈ? [ਸੰਗਤ ਕਹਿੰਦੀ ਹੈ, "ਆਮੀਨ।"—ਸੰਪਾ.] ਛੇਵੀਂ ਗੱਲ, "ਅੱਤ ਪਵਿੱਤ੍ਰ ਨੂੰ ਮਸਹ ਕਰੇ।" ਔਹ, ਮੇਰੇ! ਇੱਥੇ ਇੱਕ ਹੈ! ਆਖਰੀ ਕੰਮ ਜੋ ਉਸ ਨੇ ਕਰਨਾ ਹੈ, ਉਹ ਕੀ ਹੈ? ਹੁਣ, ਆਓ ਅਸੀਂ ਮੁੜ ਦਾਨੀਏਲ ਵਿੱਚ ਜਾਈਏ, ਪਤਾ ਲਗਾਈਏ ਕਿ ਉਸ ਨੇ ਇੱਥੇ ਕੀ ਕੁਝ ਕਰਨਾ ਹੈ। "ਸੱਤਰ ਸਾਤੇ।" ਇਸ ਸਮੇਂ ਵਿੱਚ ਕੀ ਕੁਝ ਪੂਰਾ ਕੀਤਾ ਜਾਣਾ ਹੈ? ਠੀਕ ਹੈ।

*...ਤੇਰੇ ਲੋਕਾਂ ਲਈ ਠਹਿਰਾਏ ਗਏ ਹਨ ਅਤੇ...ਤੇਰੇ ਪਵਿੱਤਰ ਸ਼ਹਿਰ ਲਈ,* ਤਾਂ ਜੋ ਅਪਰਾਧ *ਨੂੰ ਮੁਕਾਏ* (ਲੋਕਾਂ ਦੇ ਅਪਰਾਧਾਂ

ਨੂੰ),...ਪਾਪ *ਦਾ ਅੰਤ ਕਰੇ* (ਲੋਕਾਂ ਦੇ ਲਈ), *ਅਤੇ* ਉਨ੍ਹਾਂ *ਦੀ ਬੁਰਿਆਈ ਦੇ ਲਈ* ਪ੍ਰਾਸਚਿਤ ਕਰੇ, *ਅਤੇ ਸਦਾ ਦਾ ਧਰਮ ਲਿਆਵੇ* (ਯਹੂਦੀਆਂ ਲਈ), *ਅਤੇ ਦਰਸ਼ਨ ਅਤੇ ਅਗੰਮ ਵਾਕ ਨੂੰ ਮੋਹਰ ਲਾਵੇ* (ਅੰਤ ਦੇ ਸਮੇਂ ਤੀਕ), *ਅਤੇ ਅੱਤ ਪਵਿੱਤਰ ਨੂੰ ਮਸਹ ਕਰੇ।*

ਇਹੀ ਉਸ ਦੇ ਆਉਣ ਦਾ ਛੇ ਪ੍ਰਕਾਰ ਦਾ ਉਦੇਸ਼ ਸੀ।

116 ਹੁਣ, "ਅੱਤ ਪਵਿੱਤਰ ਨੂੰ ਮਸਹ ਕਰੇ।" ਹੁਣ, ਤੁਹਾਡੇ ਵਿੱਚੋਂ ਬਹੁਤ ਸਾਰੇ ਉਸਤਾਦਾਂ ਲਈ, ਇਹ ਗੱਲ ਥੋੜ੍ਹੀ ਜਿਹੀ ਅਜੀਬ ਲੱਗ ਸਕਦੀ ਹੈ, ਪਰ ਹੁਣ ਜ਼ਰਾ ਇੱਕ ਪਲ ਲਈ ਰੁਕੋ, ਵੇਖੋ ਇਹ ਕਿਵੇਂ ਸਾਹਮਣੇ ਆਉਂਦੀ ਹੈ।

117 ਇਹ ਮਸਹ, ਕਿਸੇ ਮਨੁੱਖ ਦਾ ਨਹੀਂ ਹੈ। ਯਿਸੂ ਪਹਿਲਾਂ ਹੀ ਮਸਹ ਕੀਤਾ ਗਿਆ ਹੈ। ਇਹ ਸਹੀ ਹੈ? ਰਸੂਲਾਂ ਦੇ ਕਰਤੱਬ ਕਹਿੰਦੀ ਹੈ ਕਿ ਪਰਮੇਸ਼ੁਰ ਨੇ ਯਿਸੂ ਨੂੰ ਪਵਿੱਤਰ ਆਤਮਾ ਨਾਲ ਮਸਹ ਕੀਤਾ; ਉਹ ਭਲਾ ਕਰਦਾ ਫਿਰਦਾ ਸੀ, ਅਤੇ ਬਿਮਾਰਾਂ ਨੂੰ ਚੰਗਾ ਕਰਦਾ ਸੀ, ਅਤੇ ਵਗੈਰਾ-ਵਗੈਰਾ। ਯਿਸੂ ਹੈ, ਪਹਿਲਾਂ ਹੀ। ਉਹ ਮਸੀਹਾ ਹੈ। ਅਤੇ *ਮਸੀਹਾ* ਅਰਥ ਹੈ "ਮਸਹ ਕੀਤਾ ਹੋਇਆ।" ਕੀ ਇਹ ਸਹੀ ਹੈ? ਪਰ ਇੱਥੇ, ਅੰਤ ਦੇ ਸਮੇਂ ਤੇ, ਉਸ ਨੇ ਅਤ ਪਵਿੱਤਰ ਨੂੰ ਮਸਹ ਕਰਨਾ ਹੈ।

118 "ਅੱਤ ਪਵਿੱਤਰ" ਕੀ ਹੈ? ਇਸ ਬਾਰੇ ਮੇਰੀ ਸਮਝ ਅਨੁਸਾਰ, ਜਿਸ ਬਾਰੇ ਮੈਨੂੰ ਯਕੀਨ ਹੈ ਕਿ ਇਸ ਨੂੰ ਲਿਖਤਾਂ ਨਾਲ ਸਾਬਤ ਕਰ ਸਕਦਾ ਹਾਂ, "ਅੱਤ ਪਵਿੱਤਰ" ਨੂੰ ਮਸਹ ਕਰੇ, ਉਹ ਇੱਕ ਡੇਰਾ ਹੋਵੇਗਾ ਜੋ ਹਜ਼ਾਰ ਸਾਲ ਦੇ ਰਾਜ ਦੌਰਾਨ ਵਰਤਿਆ ਜਾਵੇਗਾ। ਹੁਣ ਸੁਣੋ, ਵੇਖੋ ਕਿ ਮੈਂ ਇਹ ਕਿਉਂ ਕਹਿੰਦਾ ਹਾਂ। ਇਸ ਬਾਰੇ ਹਿਜ਼ਕੀਏਲ ਚੌਥੇ ਅਧਿਆਏ ਵਿੱਚ ਵਰਣਨ ਕੀਤਾ ਗਿਆ ਹੈ,... ਨਹੀਂ, ਮੇਰਾ ਮਤਲਬ ਸੀ 43ਵਾਂ ਅਧਿਆਇ, ਪਹਿਲੀ ਤੋਂ ਛੇਵੀਂ ਆਇਤ ਵਿੱਚ। ਆਓ ਮੁੜ ਕੇ ਹਿਜ਼ਕੀਏਲ ਵਿੱਚ ਜਾਈਏ ਅਤੇ ਵੇਖੀਏ ਕਿ ਉਹ ਹਜਾਰ ਸਾਲ ਦੇ ਰਾਜ ਵਿੱਚ ਇਸ ਨੂੰ ਕਿਵੇਂ ਦਰਸਾਉਂਦਾ ਹੈ, ਉਹ ਕਿਵੇਂ ਮਸਹ ਕਰਣਗੇ... ਹਿਜ਼ਕੀਏਲ 43, ਅਤੇ ਹੁਣ ਆਓ ਇੱਥੋਂ ਥੋੜ੍ਹਾ ਜਿਹਾ ਪੜ੍ਹੀਏ ਅਤੇ ਵੇਖੀਏ ਕਿ ਉਹ ਹਜਾਰ ਸਾਲ ਦੇ ਰਾਜ ਵਿੱਚ ਕੀ ਕਰਨ ਵਾਲਾ ਹੈ, ਮਸਹ। ਹਿਜ਼ਕੀਏਲ 43, ਠੀਕ ਹੈ, ਅਤੇ ਹੁਣ ਆਓ ਪਹਿਲੀ ਆਇਤ ਤੋਂ ਸ਼ੁਰੂ ਕਰਦੇ ਹਾਂ, ਛੇਵੀਂ ਆਇਤ ਤੱਕ ਪੜ੍ਹੀਏ। ਤੁਸੀਂ ਘਰ ਪਹੁੰਚ ਕੇ ਪੂਰੀ ਗੱਲ ਪੜ੍ਹ ਸਕਦੇ ਹੋ, ਬੇਸ਼ੱਕ, ਤੁਸੀਂ ਜਿਹੜੇ ਇਸ ਨੂੰ ਲਿਖ ਰਹੇ ਹੋ, ਹਿਜ਼ਕੀਏਲ 43। "ਇਸ ਤੋਂ ਬਾਅਦ..."

119 ਹੁਣ, ਵੇਖੋ, ਉਸ ਮੰਦਰ ਦਾ ਵਰਣਨ ਜੋ ਹਜਾਰ ਸਾਲ ਦੇ ਰਾਜ ਵਿੱਚ ਬਣਾਇਆ ਜਾਣਾ ਹੈ। ਹੁਣ, ਕੋਈ ਵੀ, ਕੋਈ ਵੀ ਪੜ੍ਹਨ ਵਾਲਾ ਜੋ ਜਾਣਦਾ ਹੈ, ਕਿ ਹਿਜ਼ਕੀਏਲ ਦੇ 40ਵੇਂ ਅਧਿਆਇ ਤੋਂ ਲੈ ਕੇ, ਲਗਭਗ 44ਵੇਂ ਅਧਿਆਇ

ਤੱਕ, ਉਹ ਹੋਰ ਕੁਝ ਨਹੀਂ ਪਰ ਉਹ ਹਜਾਰ ਸਾਲ ਦੇ ਰਾਜ ਵਾਲਾ ਮੰਦਰ ਹੈ ਜੋ ਧਰਤੀ ਤੇ ਉਸਾਰਿਆ ਜਾਵੇਗਾ, (ਹਰ ਕੋਈ ਇਸ ਬਾਰੇ ਜਾਣਦਾ ਹੈ, ਸਮਝੇ), ਜਦੋਂ ਪ੍ਰਭੂ ਦੀ ਮਹਿਮਾ ਇਸ ਨੂੰ ਭਰ ਦਿੰਦੀ ਹੈ, ਅਤੇ ਹੋਰ ਵੀ ਇਸ ਤਰ੍ਹਾਂ ਦੀਆਂ ਚੀਜਾਂ ਹੁੰਦਿਆਂ ਹਨ। ਹੁਣ ਅਸੀਂ...ਹੁਣ ਅਸੀਂ 43ਵੇਂ ਅਧਿਆਇ ਵਿੱਚ, ਪਹਿਲੀ ਤੋਂ ਛੇਵੀਂ ਆਇਤ ਤੱਕ, ਉਸ ਮੰਦਰ ਦਾ ਵਰਣਨ ਕਰਨ ਜਾ ਰਹੇ ਹਾਂ।

*ਫੇਰ ਉਹ ਮੈਨੂੰ ਫਾਟਕ ਤੇ ਲੈ ਆਇਆ, ਅਰਥਾਤ ਉਸ ਫਾਟਕ ਤੇ ਜਿਸ ਦਾ ਮੂੰਹ ਪੂਰਬ ਵੱਲ ਸੀ:*

*ਅਤੇ, ਵੇਖੋ, ਇਸਰਾਏਲ ਦੇ ਪਰਮੇਸ਼ੁਰ ਦਾ ਪਰਤਾਪ...ਪੂਰਬ ਦੇ ਰਾਹ ਵੱਲੋਂ ਆਇਆ: ਅਤੇ ਉਹ ਦੀ ਅਵਾਜ਼ ਵੱਡੇ ਪਾਣੀਆਂ ਦੀ ਅਵਾਜ਼ ਵਾਂਙੁ ਸੀ: ਅਤੇ ਧਰਤੀ ਉਹ ਦੇ ਪਰਤਾਪ ਨਾਲ ਚਮਕ ਉੱਠੀ।*

*ਇਹ ਓਸ ਦਰਸ਼ਨ ਦੇ ਵਿਖਾਵੇ ਅਨੁਸਾਰ ਸੀ ਜੋ ਮੈਂ ਵੇਖਿਆ ਸੀ, ਓਸ ਦਰਸ਼ਨ ਦੇ ਅਨਕੂਲ ਜਿਹੜਾ ਮੈਂ ਓਸ ਵੇਲੇ ਵੇਖਿਆ ਸੀ ਜਦੋਂ ਮੈਂ ਸ਼ਹਿਰ ਨੂੰ ਨਾਸ ਕਰਨ ਲਈ ਆਇਆ ਸਾਂ: ਅਤੇ ਏਹ ਦਰਸ਼ਨ ਉਸ ਦਰਸ਼ਨ ਦੇ ਵਾਂਙੁ ਸੀ ਜਿਹੜਾ ਮੈਂ ਕਬਾਰ ਨਹਿਰ ਦੇ ਕੋਲ ਵੇਖਿਆ ਸੀ; ਅਤੇ ਮੈਂ ਮੂੰਹ ਪਰਨੇ ਡਿੱਗ ਪਿਆ।*

*ਅਤੇ **ਯਹੋਵਾਹ** ਦਾ ਪਰਤਾਪ—**ਯਹੋਵਾਹ** ਦਾ ਪਰਤਾਪ ਓਸ ਫਾਟਕ ਦੇ ਰਾਹ ਜਿਸ ਦਾ ਮੂੰਹ ਪੂਰਬ ਦੇ ਰਾਹ ਵੱਲ ਹੈ ਭਵਨ ਵਿੱਚ ਆਇਆ।*

*ਅਤੇ ਆਤਮਾ ਨੇ ਮੈਨੂੰ ਚੁੱਕ ਕੇ ਅੰਦਰਲੇ ਵੇਹੜੇ ਵਿੱਚ ਪੁਚਾ ਦਿੱਤਾ; ਅਤੇ, ਵੇਖੋ, **ਯਹੋਵਾਹ** ਦੇ ਪਰਤਾਪ ਨੇ ਭਵਨ ਨੂੰ ਭਰ ਦਿੱਤਾ।*

*ਅਤੇ ਮੈਂ ਕਿਸੇ ਨੂੰ ਬੋਲਦੇ ਸੁਣਿਆ ਜਿਹੜਾ ਭਵਨ ਵਿੱਚੋਂ ਮੇਰੇ ਨਾਲ ਗੱਲਾਂ ਕਰਦਾ ਸੀ; ਅਤੇ ਇੱਕ ਮਨੁੱਖ ਮੇਰੇ ਕੋਲ ਖਲੋਤਾ ਸੀ।*

120 ਮਸਹ, ਉਸ ਮੰਦਰ ਨੂੰ ਹਜਾਰ ਸਾਲ ਦੇ ਰਾਜ ਲਈ ਮਸਹ ਕੀਤਾ ਜਾਵੇਗਾ। ਹੁਣ ਲੇਵੀਆਂ ਦੀ ਪੁਸਤਕ ਵਿੱਚ ਧਿਆਨ ਦਿਓ। ਵੇਖੋ ਕਿ ਇਸ ਨੂੰ ਲੇਵੀਆਂ ਦੀ ਪੁਸਤਕ ਵਿੱਚ ਕਿਵੇਂ ਸਮਰਪਿਤ ਕੀਤਾ ਗਿਆ ਸੀ। ਹੁਣ, ਜੇ ਅਸੀਂ ਮੁੜ ਲੇਵੀਆਂ ਦੀ ਪੁਸਤਕ ਵਿੱਚ ਜਾਈਏ, ਤਾਂ ਸਾਨੂੰ ਪਤਾ ਲੱਗਦਾ ਹੈ ਕਿ ਮੂਸਾ ਨੇ ਮੰਦਰ ਨੂੰ ਮਸਹ ਕੀਤਾ ਸੀ। ਆਓ ਹੁਣ ਜਦੋਂ ਅਸੀਂ ਇਸ ਤੇ ਹਾਂ ਤਾਂ ਮੁੜ ਲੇਵੀਆਂ ਦੀ ਪੁਸਤਕ ਵੱਲ ਚੱਲੀਏ। ਸਾਡੇ ਕੋਲ ਇੰਨਾ ਸਮਾਂ ਤਾਂ ਹੈ। ਅਤੇ

ਆਓ ਪਿਛਾਂਹ ਲੇਵੀਆਂ ਦੀ ਪੁਸਤਕ ਵਿੱਚ ਜਾਈਏ ਅਤੇ ਪਤਾ ਕਰੀਏ ਕਿ ਜਦੋਂ ਮੂਸਾ ਨੇ ਮੰਦਰ ਨੂੰ ਮਸਹ ਕੀਤਾ ਸੀ, ਲੇਵੀਆਂ ਦੇ 8ਵੇਂ ਅਧਿਆਇ ਵਿੱਚ।

121 ਔਹ, ਮੈਨੂੰ ਲਿਖਤਾਂ ਨਾਲ ਲਿਖਤਾਂ ਮਿਲਾਉਣਾ ਬਹੁਤ ਪਸੰਦ ਹੈ। ਕੀ ਤੁਹਾਨੂੰ ਵੀ ਇਹ ਪਸੰਦ ਨਹੀਂ ਹੈ? ਅਤੇ ਫਿਰ ਤੁਹਾਨੂੰ—ਤੁਹਾਨੂੰ ਇੱਕ—ਇੱਕ—ਇੱਕ ਸਾਫ਼ ਅੰਦਾਜ਼ਾ ਮਿਲਦਾ ਹੈ ਕਿ ਅਸੀਂ ਕੀ ਲੱਭ ਰਹੇ ਹਾਂ ਅਤੇ ਕੀ ਕਰ ਰਹੇ ਹਾਂ। ਹੁਣ, ਤੁਸੀਂ ਸਭ ਜਾਣਦੇ ਹੋ ਕਿ ਅਸੀਂ ਇੱਥੇ ਸਮੇਂ-ਸਮੇਂ ਤੇ ਲਿਖਤਾਂ ਦਾ ਇਸਤੇਮਾਲ ਕਰ ਰਹੇ ਹਾਂ, ਇਸ ਦੇ ਉੱਤੇ।

122 ਹੁਣ, ਲੇਵੀਆਂ ਦਾ 8ਵਾਂ ਅਧਿਆਏ, ਅਤੇ ਮੈਂ ਇੱਥੇ 10ਵੀਂ ਆਇਤ ਤੇ ਨਿਸ਼ਾਨੀ ਲਗਾਈ ਹੋਈ ਹੈ। ਧਿਆਨ ਦਿਓ ਲੇਵੀਆਂ 8:10। ਆਓ ਵੇਖੀਏ।

> *ਅਤੇ ਮੂਸਾ ਨੇ ਮਸਹ ਕਰਨ ਦਾ ਤੇਲ ਲਿਆ,* ਅਤੇ ਮਸਹ ਕਰਨ ਵਾਲਾ ਤੇਲ ਉੰਡੇਲ ਦਿੱਤਾ, *ਅਤੇ ਡੇਹਰੇ ਨੂੰ ਅਤੇ ਜੋ ਉਹ ਸਭ ਕੁਝ ਉਸ ਵਿੱਚ ਸੀ ਤੇਲ ਪਾਕੇ, ਪਵਿੱਤ੍ਰ ਕੀਤਾ।*

> *ਅਤੇ…ਉਸ ਤੋਂ ਲੈਕੇ ਜਗਵੇਦੀ ਨੂੰ ਸੱਤ ਵੇਰੀ ਛਿੜਕਿਆ,… ਅਤੇ ਜਗਵੇਦੀ ਨੂੰ ਅਤੇ ਉਸ ਦੇ ਸਾਰੇ ਵਲੇਵੇਂ ਨੂੰ, ਅਤੇ ਉਸ ਦਾ* ਚੁਬੱਚਾ *ਅਤੇ ਉਸ ਦੀ ਚੌਂਕੀ ਨੂੰ, ਉਨ੍ਹਾਂ ਦੇ…ਪਵਿੱਤ੍ਰ ਕਰਨ ਲਈ ਤੇਲ ਲਾਇਆ।*

> *ਅਤੇ ਉਸ ਨੇ…ਮਸਹ ਕਰਨ ਦਾ ਤੇਲ ਹਾਰੂਨ ਦੇ ਸਿਰ ਉੱਤੇ ਚੁਆ ਕੇ ਉਸ ਨੂੰ ਪਵਿੱਤ੍ਰ ਕਰਨ ਲਈ ਮਸਹ ਕੀਤਾ।*

123 ਮੂਸਾ ਨੇ, ਉਜਾੜ ਵਿੱਚ, ਪਵਿੱਤਰ ਕਰ ਰਿਹਾ ਸੀ, ਜਾਂ ਅਰਾਧਨਾ ਦੇ ਡੇਰੇ ਨੂੰ ਮਸਹ ਕਰ ਰਿਹਾ ਸੀ, ਇਸਰਾਏਲ ਦੇ ਬੱਚਿਆਂ ਲਈ ਜਦੋਂ ਉਹ ਆਪਣੀ ਯਾਤਰਾ ਵਿੱਚ ਸਨ। ਇਹ ਮਸਹ ਕੀਤਾ ਗਿਆ ਸੀ।

124 ਹੁਣ, ਇਤਿਹਾਸ ਦੀ ਦੂਜੀ ਪੁਸਤਕ ਵੱਲ, ਪਰਤ ਜਾਓ, ਅਤੇ ਅਸੀਂ ਵੇਖਾਂਗੇ ਉਸ ਸਮਰਪਣ ਨੂੰ ਜਦੋਂ ਪਵਿੱਤਰ ਆਤਮਾ ਉਸ ਤੰਬੂ ਵਿੱਚ ਆਪਣੀ ਜਗ੍ਹਾ ਤੇ ਆ ਬੈਠਿਆ, ਅਤੇ ਹੁਣ ਦੇਖੋ ਕੀ ਹੋਇਆ ਸੀ। ਦੂਜੇ ਇਤਿਹਾਸ 5ਵੇਂ ਅਧਿਆਇ ਵਿੱਚ, ਆਓ 13ਵੀਂ ਆਇਤ ਤੋਂ ਸ਼ੁਰੂ ਕਰੀਏ। ਦੂਜਾ ਇਤਿਹਾਸ 5ਵਾਂ ਅਧਿਆਇ, ਅਤੇ 13ਵੀਂ ਆਇਤ ਤੋਂ ਸ਼ੁਰੂ ਕਰੋ।

> *ਅਤੇ ਤਦ…ਐਉਂ ਹੋਇਆ, ਕਿ ਜਦ ਤੁਰ੍ਹੀਆਂ ਦੇ ਵਜੰਤਰੀ ਅਰ ਗਵੰਤਰੀ ਮਿਲ ਗਏ ਭਈ ਉਨ੍ਹਾਂ ਦਾ ਸੁਰ ਇੱਕੋ ਹੀ ਸੁਣਾਈ ਦੇਵੇ…* **ਯਹੋਵਾਹ** *ਦੀ ਉਸਤਤ ਅਰ ਧੰਨਵਾਦ ਕਰਨ; ਅਰ ਜਦ ਤੁਰ੍ਹੀਆਂ ਅਰ ਖੰਜਰੀਆਂ ਅਰ ਗਾਉਣ ਦਿਆਂ ਸਾਜ਼ਾ ਨਾਲ ਉਨ੍ਹਾਂ ਨੇ ਆਪਣਾ*

*ਸੁਰ ਉੱਚਾ ਕਰਕੇ, ਅਤੇ* ***ਯਹੋਵਾਹ*** *ਦੀ ਉਸਤਤ ਕੀਤੀ, ਅਤੇ ਗਾਉਂਦੇ ਸਨ, ਕਿ ਉਹ ਭਲਾ ਹੈ; ਅਤੇ ਉਹ ਦੀ ਦਯਾ ਜੋ ਸਦਾ ਦੀ ਹੈ: ਤਾਂ ਉਹ ਭਵਨ ਬੱਦਲ ਨਾਲ ਭਰ ਗਿਆ, ਏਥੋਂ ਤਕ ਕਿ* ***ਯਹੋਵਾਹ*** *ਦਾ ਭਵਨ ਵੀ;*

*ਅਤੇ ਉਹ ਜਾਜਕ ਖੜ੍ਹੇ…ਉਹ ਜਾਜਕ ਬੱਦਲ ਕਰਕੇ ਸੇਵਾ ਲਈ ਖੜੇ ਨਾ ਰਹਿ ਸੱਕੇ: ਕਿਉਂ ਜੋ* ***ਯਹੋਵਾਹ*** *ਦਾ ਭਵਨ ਯਹੋਵਾਹ ਦੇ ਪ੍ਰਤਾਪ ਨਾਲ ਭਰ ਗਿਆ ਸੀ।*

125 ਪਰਮੇਸ਼ੁਰ ਉਸ ਪਵਿੱਤਰ ਸਥਾਨ ਵਿੱਚ ਆਇਆ ਜਿਸ ਨੂੰ ਮਸਹ ਕੀਤਾ ਜਾਣਾ ਸੀ, ਅਤੇ ਉਹ ਉਸ ਨੂੰ ਸਮਰਪਿਤ ਕਰ ਦਿੱਤਾ ਗਿਆ ਕਿ ਲੋਕਾਂ ਆ ਕੇ ਉਸ ਦੀ ਉਪਾਸਨਾ ਕਰਣ। ਇਸ ਲਈ, ਮਸਹ ਕਰੇ, “ਤੇਰੇ ਪਵਿੱਤਰ” ਸਥਾਨ ਨੂੰ ਨਹੀਂ, ਪਰ “ਅੱਤ ਪਵਿੱਤਰ” ਸਥਾਨ ਨੂੰ ਮਸਹ ਕਰੇ। ਅਸੀਂ ਵੇਖਦੇ ਹਾਂ, ਕਿ, ਨਵਾਂ ਯਰੂਸ਼ਲਮ ਹੀ “ਅੱਤ ਪਵਿੱਤਰ” ਸਥਾਨ ਹੈ। ਅਤੇ ਉਹ ਮਸਹ ਨਵੇਂ ਯਰੂਸ਼ਲਮ ਉੱਤੇ ਹੋਵੇਗਾ ਜਿਹੜਾ ਪਰਮੇਸ਼ੁਰ ਵਲੋਂ ਆਕਾਸ਼ ਤੋਂ ਉੱਤਰੇਗਾ, ਜੋ ਆਪਣੇ ਪਤੀ ਲਈ ਸੁੰਦਰ ਤਰ੍ਹਾਂ ਸਜੀ ਹੋਈ ਦੂਲਹਨ ਵਾਂਗ ਤਿਆਰ ਕੀਤਾ ਗਿਆ ਹੈ। ਮਸਹ ਉਸ ਉੱਤੇ ਹੋਵੇਗਾ।

126 ਹੁਣ, ਜਦੋਂ ਜ਼ਰੁਬਾਬਲ ਨੇ ਆਪਣੇ ਮੰਦਰ ਦਾ, ਉਸ ਦੇ ਮੁੜ ਉਸਾਰੇ ਜਾਣ ਤੋਂ ਬਾਅਦ ਸਮਰਪਣ ਕੀਤਾ, ਉਸ ਨੂੰ ਦੁਬਾਰਾ ਮਸਹ ਨਹੀਂ ਕੀਤਾ ਗਿਆ ਸੀ, ਕਿਉਂਕਿ ਇੱਕ ਵਾਰ ਪਹਿਲਾਂ ਹੀ ਉਸ ਦਾ ਮਸਹ ਹੋ ਚੁੱਕਿਆ ਸੀ; ਫਿਰ ਉਹ ਢਾਹ ਦਿੱਤਾ ਗਿਆ ਸੀ, ਅਤੇ ਬਸ ਮੁੜ ਬਣਾਇਆ ਗਿਆ ਸੀ। ਉਹ ਤਬਾਹੀ ਜੋ ਉਸ ਦੇ ਉੱਤੇ ਆਈ ਸੀ। ਉਸ ਤੋਂ ਬਾਅਦ ਉਹ ਫਿਰ ਉਸਾਰਿਆ ਗਿਆ ਅਤੇ ਖੜ੍ਹਾ ਕੀਤਾ ਗਿਆ, ਇਸ ਲਈ ਫਿਰ ਉਸ ਨੂੰ ਮਸਹ ਨਹੀਂ ਕੀਤਾ ਗਿਆ। ਜਦੋਂ ਇੱਕ ਵਾਰ ਉਸ ਦਾ ਮਸਹ ਹੋ ਗਿਆ, ਤਾਂ ਉਹ ਮਸਹ ਅੱਗੇ ਤੱਕ ਚੱਲਦਾ ਆਇਆ, ਅਤੇ ਇਹ ਇਸ ਸਮੇਂ ਤੱਕ ਚੱਲ ਰਿਹਾ ਹੈ। ਪਰ ਜਦੋਂ ਪਰਮੇਸ਼ੁਰ ਹਜ਼ਾਰ ਸਾਲ ਦੇ ਰਾਜ ਲਈ ਆਪਣਾ ਮੰਦਰ ਨੂੰ ਸਥਾਪਤ ਕਰੇਗਾ, ਤਾਂ ਉਹ ਅੱਤ ਪਵਿੱਤਰ ਨੂੰ ਮਸਹ ਕਰੇਗਾ; ਨਾ ਕਿ “ਤੇਰੇ ਪਵਿੱਤਰ” ਨੂੰ, ਪਰ “ਅੱਤ ਪਵਿੱਤਰ” ਨੂੰ।

127 ਪਰ ਜਦੋਂ ਰਾਜਾ ਆਪਣੇ ਸਿੰਘਾਸਨ ਤੇ ਇੱਕ ਹਜ਼ਾਰ ਸਾਲ ਲਈ ਬੈਠੇਗਾ, (ਮਹਿਮਾ!) ਤਾਂ ਉਹ ਖਤਮ ਜੋ ਜਾਂਦੀ ਹੈ। ਅਤ ਪਵਿੱਤਰ ਸਥਾਨ ਦਾ ਮਸਹ ਕੀਤਾ ਜਾਣਾ ਆਖਰੀ ਕੰਮ ਹੋਵੇਗਾ ਜੋ ਹੋਵੇਗਾ। ਜਦੋਂ ਡੇਰਾ ਖੜ੍ਹਾ ਹੋ ਜਾਵੇਗਾ; ਪੁਨਰਉਥਾਨ ਆ ਚੁੱਕਾ ਹੋਵੇਗਾ; ਯਹੂਦੀ ਵਾਪਸ ਆ ਚੁੱਕੇ ਹੋਣਗੇ; ਮਸੀਹ ਅਤੇ ਉਸ ਦੀ ਲਾੜੀ ਆ ਚੁੱਕੇ ਹੋਣਗੇ; ਯਹੂਦੀ, ਉਹ ਇੱਕ ਲੱਖ ਅਤੇ

ਚੁਤਾਲੀ ਹਜ਼ਾਰ, ਮੋਹਰਬੰਦ ਕੀਤੇ ਜਾ ਚੁੱਕੇ ਹੋਣਗੇ; ਇੱਕ ਹਜ਼ਾਰ ਸਾਲ ਦਾ ਰਾਜ ਹੋ ਗਿਆ ਹੋਵੇਗਾ। ਉਸ ਵੇਲੇ ਇੱਕ ਮਸਹ ਹੋਵੇਗਾ ਜਦੋਂ ਅੱਤ ਪਵਿੱਤਰ ਸਥਾਨ ਦਾ ਮਸਹ ਕੀਤਾ ਜਾਵੇਗਾ; ਪਵਿੱਤਰ, ਪਵਿੱਤਰਾਂ ਵਿੱਚੋਂ ਪਵਿੱਤਰ, ਅਤੇ ਅੱਤ ਪਵਿੱਤਰ। ਜਦ, ਅੱਤ ਪਵਿੱਤਰ ਸਥਾਨ ਉਹ ਮੰਦਰ ਹੈ ਜਿੱਥੇ ਪਰਮੇਸ਼ੁਰ, ਕਰੂਬੀਆਂ ਦੇ ਵਿਚਕਾਰ ਵਸਦਾ ਸੀ। ਪਰ, ਇਸ ਵਾਰੀ, ਮਸੀਹ ਅੱਤ ਪਵਿੱਤਰ ਸਥਾਨ ਵਿੱਚ ਬੈਠੇਗਾ, ਮਸਹ ਉਸ ਤੇ ਹੋਵੇਗਾ। ਅਤੇ ਉੱਥੇ ਉਨ੍ਹਾਂ ਨੂੰ ਕਿਸੇ ਸੂਰਜ ਦੀ ਲੋੜ ਨਹੀਂ ਹੋਵੇਗੀ, ਕਿਉਂਕਿ ਸ਼ਹਿਰ ਦੇ ਵਿਚਕਾਰ ਲੇਲਾ ਹੀ ਰੋਸ਼ਨੀ ਹੋਵੇਗਾ। ਜਿਵੇਂ ਬੁਜ਼ੁਰਗ ਅੰਕਲ ਜਿਮ ਕਹਿੰਦੇ ਸਨ, ਉਸ ਸ਼ਹਿਰ ਵਿੱਚ ਸੂਰਜ ਕਦੇ ਨਹੀਂ ਡੁੱਬੇਗਾ। ਅਤੇ ਇਹ ਕਦੇ ਨਹੀਂ ਡੁੱਬੇਗਾ, ਕਿਉਂਕਿ ਮਸੀਹ ਉਹ ਰੋਸ਼ਨੀ ਹੋਵੇਗਾ, ਉਹ ਮਸਹ ਕੀਤਾ ਹੋਈਅ। ਅਤੇ ਰਾਜਾ ਆਵੇਗਾ ਅਤੇ ਰਾਜ ਕਰਨ ਲਈ, ਆਪਣੇ ਸਿੰਘਾਸਨ ਇੱਕ ਹਜ਼ਾਰ ਸਾਲ ਬੈਠੇਗਾ।

128 ਯਿਰਮਿਯਾਹ 3:12-18, ਸਮੇਤ, ਆਓ ਇਸਨੂੰ ਪੜ੍ਹੀਏ। ਯਿਰਮਿਯਾਹ ਦੇ 18ਵੇਂ ਅਧਿਆਇ ਵਿੱਚ, ਮੈਨੂੰ ਯਕੀਨ ਹੈ। ਹਾਂ। ਨਹੀਂ, 12ਵਾਂ ਅਧਿਆਇ ਹੈ, ਮਾਫ਼ ਕਰਨਾ, ਯਿਰਮਿਯਾਹ ਦਾ 12ਵਾਂ ਅਧਿਆਇ, ਅਤੇ ਆਓ ਸ਼ੁਰੂ ਕਰੀਏ… ਯਿਰਮਿਯਾਹ 3, ਮੈਨੂੰ ਮਾਫ਼ ਕਰਨਾ। ਯਿਰਮਿਯਾਹ 3, ਮੈਂ ਇੱਥੇ ਲਿਖਿਆ ਹੋਇਆ—ਹੋਇਆ ਹੈ, ਜਿੱਥੇ, ਜਦੋਂ ਮੈਂ ਅਧਿਐਨ ਕਰ ਰਿਹਾ ਸੀ, ਪਵਿੱਤਰ ਆਤਮਾ ਮੈਨੂੰ ਇਕ ਥਾਂ ਤੋਂ ਦੂਜੇ ਥਾਂ ਲੈ ਜਾ ਰਿਹਾ ਸੀ, ਮੈਂ ਜਿੰਨਾ ਹੋ ਸਕਿਆ ਉਨ੍ਹਾਂ ਨੂੰ ਨੋਟ ਕਰ ਲਿਆ। ਯਿਰਮਿਯਾਹ 3, ਅਤੇ ਫਿਰ 12 ਤੋਂ 18, ਸਮੇਤ। ਆਓ ਇਸਨੂੰ ਪੜ੍ਹੀਏ।

> *ਜਾਹ ਅਤੇ, ਉੱਤਰ ਵੱਲ ਇਨ੍ਹਾਂ ਗੱਲਾਂ ਦਾ ਪਰਚਾਰ ਕਰ ਅਤੇ ਆਖ, ਮੁੜ, ਹੇ ਆਕੀ ਇਸਰਾਏਲ,* **ਯਹੋਵਾਹ** *ਦਾ ਵਾਕ ਹੈ; ਅਤੇ ਮੈਂ ਆਪਣਾ—ਆਪਣਾ…ਮੈਂ ਆਪਣਾ ਕ੍ਰੋਧ ਤੇਰੇ ਉੱਤੇ ਨਹੀਂ ਪੈਣ ਦਿਆਂਗਾ: ਮੈਂ ਦਿਆਲੂ ਜੋ ਹਾਂ,* **ਯਹੋਵਾਹ** *ਦਾ ਵਾਕ ਹੈ, ਮੈਂ ਸਦਾ ਤੀਕ ਗੁੱਸਾ ਨਾ ਰੱਖਾਂਗਾ।*

> *ਨਿਰਾ ਆਪਣੀ ਬੁਰਿਆਈ ਨੂੰ ਮੰਨ ਲੈ, ਕਿ ਤੂੰ* **ਯਹੋਵਾਹ** *ਆਪਣੇ ਪਰਮੇਸ਼ੁਰ ਦੇ ਵਿਰੁੱਧ ਅਪਰਾਧੀ ਹੋਈ, ਅਤੇ ਤੈਂ ਆਪਣੀਆਂ ਮਿਹਰਬਾਨੀਆਂ ਨੂੰ ਓਪਰੇ ਲਈ, ਹਰ ਹਰੇ ਰੁੱਖ ਦੇ ਹੇਠ ਖਲਾਰਿਆ,…*

ਇਹੀ ਤਾਂ ਉਨ੍ਹਾਂ ਨੇ ਕੀਤਾ ਸੀ, ਪੂਰਬ ਤੋਂ, ਪੱਛਮ ਤੋਂ, ਹਰੇਕ ਕੌਮ ਲਈ। ਸਮਝੇ?

> *…ਅਤੇ ਮੇਰੀ ਅਵਾਜ਼ ਦੀ ਆਗਿਆਕਾਰੀ ਨਹੀਂ ਕੀਤੀ, ਮੇਰੀ*

*ਅਵਾਜ਼, **ਯਹੋਵਾਹ** ਦਾ ਵਾਕ ਹੈ।*

"ਮੁੜੋ!" ਇਹ ਸੁਣੋ।

*ਮੁੜੋ। ਹੇ ਆਕੀ ਪੁੱਤ੍ਰੋ, **ਯਹੋਵਾਹ** ਦਾ ਵਾਕ ਹੈ; ਕਿਉਂ ਜੋ ਮੈਂ (ਵਿ-ਆ-ਹਿ-ਆ), ਤੁਹਾਡੇ ਨਾਲ ਵਿਆਹਿਆ ਹੋਇਆ ਹਾਂ:...*

"ਉਨ੍ਹਾਂ ਦੀਆਂ ਅੱਖਾਂ ਅੰਨ੍ਹੀਆਂ ਕੀਤੀਆਂ ਗਈਆਂ ਸਨ, ਕਿਉਂਕਿ ਮੈਂ ਪਰਾਈਆਂ ਕੌਮਾਂ ਨੂੰ ਇੱਕ ਮੌਕਾ ਦਿੱਤਾ ਸੀ। ਪਰ, ਤੁਸੀਂ ਮੁੜ ਆਓ, ਕਿਉਂਕਿ ਮੈਂ ਤੁਹਾਡੇ ਨਾਲ ਵਿਆਹਿਆ ਹੋਇਆ ਹਾਂ।"

*...ਅਤੇ ਮੈਂ ਤੁਹਾਡੇ ਵਿੱਚੋਂ ਲਵਾਂਗਾ, ਹਰ ਸ਼ਹਿਰ ਵਿੱਚੋਂ ਇੱਕ ਅਤੇ ਹਰ ਟੱਬਰ ਵਿੱਚੋਂ ਦੋ,...*

ਆਪਣੇ ਆਪ ਨੂੰ ਯਹੂਦੀ ਕਹਿਣ ਵਾਲੇ ਸਾਰੇ ਲੋਕ ਅੰਦਰ ਨਹੀਂ ਜਾਣਗੇ। ਪਰ ਉਹ ਚੁਣਿਆ ਹੋਇਆ ਝੁੰਡ ਅੰਦਰ ਜਾਵੇਗਾ, ਉਹ ਛੋਟਾ ਬਿਨਯਾਮੀਨ ਜੋ ਯੂਸੁਫ਼ ਦੇ ਅੱਗੇ ਜਾਵੇਗਾ, ਉਹ ਝੁੰਡ ਹਰੇਕ ਦੇਸ਼ ਵਿੱਚੋਂ ਬਣੇਗਾ, ਇੱਕ ਸ਼ਹਿਰ ਵਿੱਚੋਂ, ਅਤੇ ਇੱਕ ਪਰਿਵਾਰ ਵਿੱਚੋਂ।

*...ਅਤੇ ਮੈਂ ਤੁਹਾਨੂੰ ਸੀਯੋਨ ਵਿੱਚ ਲਿਆਵਾਂਗਾ:*

*ਮੈਂ ਤੁਹਾਨੂੰ ਤੁਹਾਡੇ ਦਿਲ ਦੇ ਅਨੁਸਾਰ ਇੱਕ ਪਾਸਟਰ ਦਿਆਂਗਾ, ਜਿਹੜਾ ਤੁਹਾਨੂੰ ਗਿਆਨ ਅਤੇ ਸਮਝ ਨਾਲ ਚਾਰੇਗਾ।*

*ਅਤੇ ਐਉਂ ਹੋਵੇਗਾ, ਕਿ ਜਦ ਤੁਸੀਂ ਉਸ ਦੇਸ ਵਿੱਚ ਵਧ ਜਾਓਗੇ ਅਤੇ ਬਹੁਤ ਹੋ ਜਾਓਗੇ, ਉਨ੍ਹਾਂ ਦਿਨਾਂ ਵਿੱਚ, **ਯਹੋਵਾਹ** ਦਾ ਵਾਕ ਹੈ, ਓਹ ਫੇਰ ਨਾ ਆਖਣਗੇ, **ਯਹੋਵਾਹ** ਦੇ ਨੇਮ ਦਾ ਸੰਦੂਕ, ਨਾ ਉਹ ਓਹਨਾਂ ਦੇ ਮਨ ਵਿੱਚ ਆਵੇਗਾ: ਨਾ ਉਹ ਨੂੰ ਚੇਤੇ ਕਰਨਗੇ; ਨਾ ਉਹ—ਉਹ ਉਸ ਦੀ ਦੇਖ ਭਾਲ ਕਰਨਗੇ; ਨਾ ਉਹ ਫੇਰ ਬਣਾਇਆ ਜਾਵੇਗਾ।*

*ਉਸ ਵੇਲੇ ਓਹ ਯਰੂਸ਼ਲਮ ਨੂੰ **ਯਹੋਵਾਹ** ਦਾ ਸਿੰਘਾਸਣ ਆਖਣਗੇ;* (ਕਿਉਂ ਜੋ ਉਹ ਉੱਥੇ ਹੋਵੇਗਾ, ਵੇਖਿਆ), *ਅਤੇ ਉਹ ਦੇ ਕੋਲ **ਯਹੋਵਾਹ** ਦੇ ਨਾਮ ਉੱਤੇ ਸਾਰੀਆਂ ਕੌਮਾਂ, ਯਰੂਸ਼ਲਮ ਵਿੱਚ* ਇਕੱਠੀਆਂ (ਹਲਲੂਯਾਹ) *ਹੋਣਗੀਆਂ: ਓਹ ਫੇਰ ਆਪਣੇ ਬੁਰੇ ਦਿਲ ਦੀ ਅੜੀ ਪਿੱਛੇ ਨਾ ਚੱਲਣਗੀਆਂ*

129 ਉਦੋਂ ਹੀ ਸ਼ਹਿਰ ਨੂੰ ਮਸਹ ਕੀਤਾ ਜਾਵੇਗਾ। ਉਦੋਂ ਹੀ ਨਵੇਂ ਯਰੂਸ਼ਲਮ ਨੂੰ ਮਸਹ ਕੀਤਾ ਜਾਵੇਗਾ। ਅਤੇ ਸ਼ਹਿਰ ਦੀਆਂ ਸਾਰੀਆਂ ਕੌਮਾਂ...ਪਰਕਾਸ਼ ਦੀ ਪੋਥੀ ਦੇ 22ਵੇਂ ਅਧਿਆਇ ਵਿੱਚ, ਇਹ ਕਿਹਾ ਗਿਆ ਹੈ ਕਿ ਫਾਟਕ ਰਾਤ

ਨੂੰ ਬੰਦ ਨਹੀਂ ਹੋਣਗੇ, ਕਿਉਂਕਿ ਉੱਥੇ ਰਾਤ ਹੋਵੇਗੀ ਹੀ ਨਹੀਂ। ਅਤੇ ਧਰਤੀ ਦੇ ਸਾਰੇ ਰਾਜੇ ਆਪਣਾ ਮਾਣ ਤੇ ਪ੍ਰਤਾਪ ਇਸ ਸ਼ਹਿਰ ਵਿੱਚ ਲੈ ਕੇ ਆਉਣਗੇ। ਇਸ ਦੀਆਂ ਕੰਧਾਂ ਪੁਖਰਾਜ ਅਤੇ ਅਕੀਕ ਪੱਥਰ ਦੀਆਂ ਹੋਣਗੀਆਂ, ਬਾਰ੍ਹਾਂ ਕਿਸਮ ਦੇ ਪੱਥਰ ਹੋਣਗੇ; ਅਤੇ ਬਾਰ੍ਹਾਂ ਫਾਟਕ ਵੱਡੇ ਮੋਤੀ ਦੇ ਬਣੇ ਹੋਣਗੇ, ਹਰੇਕ ਫਾਟਕ ਵਿੱਚ ਇੱਕ। ਉੱਥੇ ਦੀਵੇ ਦੀ ਲੋੜ ਨਹੀਂ ਹੋਵੇਗੀ। ਉੱਥੇ ਸੂਰਜ ਦੀ ਰੌਸ਼ਨੀ ਦੀ ਵੀ ਲੋੜ ਨਹੀਂ ਰਹੇਗੀ, ਕਿਉਂਕਿ ਸ਼ਹਿਰ ਦੇ ਵਿਚਕਾਰ ਜੋ ਮੇਮਨਾ ਹੋਵੇਗਾ ਉਹੀ ਰੌਸ਼ਨੀ ਹੋਵੇਗਾ। ਅਤੇ ਉਹ ਆਪਣੇ ਲੋਕਾਂ ਨੂੰ ਸਦੀਪਕ ਜੀਵਨ ਵੱਲ ਲੈ ਕੇ ਜਾਵੇਗਾ। ਉੱਥੇ ਦੋ ਰੁੱਖ ਖੜ੍ਹੇ ਹੋਣਗੇ, ਦਰਿਆ ਦੇ ਦੋਨੋਂ ਪਾਸੇ ਇੱਕ ਰੁੱਖ ਹੋਵੇਗਾ, ਅਤੇ ਉਹ ਕੌਮ ਦੀ ਚੰਗਿਆਈ ਲਈ ਹੋਣਗੇ। ਤਦ ਉਹ ਮਸਹ ਕੀਤਾ ਹੋਇਆ ਆਵੇਗਾ, ਜਦ ਪਵਿੱਤਰ ਨਗਰੀ, ਜੋ ਪਰਮੇਸ਼ੁਰ ਵੱਲੋਂ ਸਵਰਗ ਤੋਂ ਧਰਤੀ ਉੱਤੇ ਉਤਰ ਰਹੀ ਹੋਵੇਗੀ।

130 ਆਓ ਹੁਣ ਉਹ ਦੇਖੀਏ ਕਿ ਉਸ ਸਮੇਂ ਕੀ ਕੁਝ ਹੋਵੇਗਾ। ਔਹ, ਕੀ ਤੁਹਾਨੂੰ ਇਹ ਪਸੰਦ ਹੈ? ਆਓ ਬਸ ਇਕ ਮਿੰਟ ਲਈ, ਯਸਾਯਾਹ 65 ਵੱਲ ਮੁੜੀਏ। ਇਹ ਇੰਨਾ ਵਧੀਆ ਹੈ ਕਿ ਇਸਨੂੰ ਛੱਡਿਆ ਨਹੀਂ ਜਾ ਸਕਦਾ। ਇਹ ਬਸ ਇੰਨਾ ਵਧੀਆ ਹੈ ਕਿ ਇਸਨੂੰ ਛੱਡਿਆ ਹੀ ਨਹੀਂ ਜਾ ਸਕਦਾ। ਸ਼ਾਇਦ ਗਰਮੀ ਥੋੜ੍ਹੀ ਜਿਆਦਾ ਹੈ, ਪਰ ਆਓ ਅੱਗੇ ਵਧੀਏ।

131 ਯਸਾਯਾਹ 65, ਸੁਣੋ ਉਸ ਸਮੇਂ ਦੌਰਾਨ ਕੀ ਹੋਵੇਗਾ। ਅਤੇ ਆਪਣੇ ਆਪ ਤੋਂ ਪੁੱਛੋ, ਪਾਪੀ ਦੋਸਤ, ਕੀ ਤੁਸੀਂ—ਕੀ ਤੁਸੀਂ ਇਸਨੂੰ ਗੁਆਉਣ ਦੀ ਹਿੰਮਤ ਕਰ ਸਕਦੇ ਹੋ। ਯਸਾਯਾਹ 65, ਆਓ ਕਰੀਬ 17ਵੀਂ ਆਇਤ ਤੋਂ ਸ਼ੁਰੂ ਕਰੀਏ। ਸੁਣੋ, ਸਾਰੇ, ਹੁਣ ਧਿਆਨ ਨਾਲ। ਇਹ ਹਜ਼ਾਰ ਸਾਲ ਦੇ ਰਾਜ ਦੇ ਸਮੇਂ ਦੌਰਾਨ ਹੋਵੇਗਾ, ਜਦ ਅਤ ਪਵਿੱਤਰ ਨੂੰ ਮਸਹ ਕੀਤਾ ਜਾਵੇਗਾ।

> *ਵੇਖੋ, ਤਾਂ, ਮੈਂ ਨਵਾਂ ਅਕਾਸ਼ ਅਤੇ...ਨਵੀਂ ਧਰਤੀ ਉਤਪੰਨ ਕਰਦਾ ਹਾਂ: ਅਤੇ ਪਹਿਲੀਆਂ ਚੀਜ਼ਾਂ ਚੇਤੇ ਨਾ ਆਉਣਗੀਆਂ, ਨਾ ਮਨ ਉੱਤੇ ਹੀ ਚੜ੍ਹਨਗੀਆਂ।*
>
> *ਪਰ...ਜੋ ਕੁਝ ਮੈਂ ਉਤਪੰਨ ਕਰਦਾ ਹਾਂ...ਉਸ ਤੋਂ ਵੀ ਤੁਸੀਂ ਜੁੱਗੋ ਜੁੱਗ ਖੁਸ਼ੀ ਮਨਾਓ ਅਤੇ ਬਾਗਬਾਗ ਹੋਵੋ: ਵੇਖੋ, ਤਾਂ, ਯਰੂਸ਼ਲਮ ਲਈ ਅਨੰਦ...ਮੈਂ ਯਰੂਸ਼ਲਮ ਲਈ ਅਨੰਦ,* (ਇਹ ਨਵਾਂ ਯਰੂਸ਼ਲਮ ਹੈ), *ਅਤੇ ਉਸ ਦੀ ਪਰਜਾ ਲਈ ਇੱਕ ਖੁਸ਼ੀ ਉਤਪੰਨ...ਕਰਦਾ ਹਾਂ।*

ਮਸਹ ਕੀ ਹੈ? ਪ੍ਰਭੂ ਦਾ ਅਨੰਦ।

> *...ਤਾਂ ਯਰੂਸ਼ਲਮ ਲਈ, ਅਤੇ ਉਸ ਦੀ ਪਰਜਾ ਲਈ ਖੁਸ਼ੀ ਉਤਪੰਨ ਕਰਦਾਹਾਂ। ਮੈਂ ਯਰੂਸ਼ਲਮ ਤੋਂ ਅਨੰਦ ਹੋਵਾਂਗਾ,...*

ਰਾਜਾ ਸਿੰਘਾਸਨ ਤੇ ਹੋਵੇਗਾ, ਸਿੰਘਾਸਨ ਦੀ ਸ਼ਾਹੀ ਮਹਿਮਾ ਵਿੱਚ, ਅਨੰਤਕਾਲ ਦਾ ਸਿੰਘਾਸਨ, ਅਤੇ ਅਨੰਤ ਲੋਕ ਅਨੰਤ ਖੁਸ਼ੀ ਨਾਲ ਇੱਕ ਅਨੰਤ ਸ਼ਹਿਰ ਵਿੱਚ ਹੋਣਗੇ! ਔਹ, ਮੇਰੇ!

*ਅਤੇ ਮੈਂ ਯਰੂਸ਼ਲਮ ਤੋਂ ਅਨੰਦ ਹੋਵਾਂਗਾ, ਅਤੇ ਆਪਣੀ ਪਰਜਾ ਤੋਂ ਖੁਸ਼ ਹੋਵਾਂਗਾ: ਅਤੇ ਫੇਰ ਉਸ ਵਿੱਚ ਨਾ ਰੋਣ ਦੀ ਅਵਾਜ਼, ਨਾ ਦੁਹਾਈ ਦੀ ਅਵਾਜ਼ ਸੁਣਾਈ ਦੇਵੇਗੀ।*

*ਉਥੋਂ ਫੇਰ ਕੋਈ ਥੋੜੇ ਦਿਨਾਂ ਦਾ...ਬੱਚਾ ਨਾ ਹੋਵੇਗਾ, ਨਾ ਕੋਈ ਬੁੱਢਾ ਜਿਹ ਨੇ ਆਪਣੇ ਦਿਨ ਪੂਰੇ ਨਾ ਕੀਤੇ ਹੋਣ: ਕਿਉਂ ਜੋ ਬੱਚਾ ਸੌ ਵਰਹੇ ਦੀ ਉਮਰ ਵਿੱਚ ਮਰੇਗਾ; ਅਤੇ ਸੌ ਵਰਹੇ ਦਾ ਪਾਪੀ ਸਰਾਪੀ ਹੋਵੇਗਾ।*

*ਓਹ ਘਰ ਬਣਾਉਣਗੇ, ਅਤੇ ਉਨ੍ਹਾਂ ਵਿੱਚ ਵੱਸਣਗੇ;...ਓਹ ਅੰਗੂਰੀ ਬਾਗ ਲਾਉਣਗੇ, ਅਤੇ ਉਹ ਉਨ੍ਹਾਂ ਦਾ ਫਲ ਖਾਣਗੇ।*

*ਓਹ ਨਾ ਬਣਾਉਣਗੇ, ਭਈ ਦੂਜਾ ਵੱਸੇ;* (ਭਾਵ, ਤੁਸੀਂ ਮਰ ਜਾਓ ਅਤੇ ਤੁਹਾਡਾ ਪੁੱਤਰ ਤੁਹਾਡੀ ਥਾਂ ਲੈ ਲਵੇ)*...ਬਣਾਉਣਗੇ, ਭਈ ਕੋਈ ਹੋਰ ਵੱਸੇ; ਓਹ ਨਾ ਲਾਉਣਗੇ ਭਈ ਦੂਜਾ ਉਸ ਤੋਂ ਖਾਵੇ: ਕਿਉਂਜੋ ਮੇਰੀ ਪਰਜਾ ਦੇ ਦਿਨ ਤਾਂ ਰੁੱਖ ਦੇ ਦਿਨਾਂ ਵਰਗੇ ਹੋਣਗੇ, ਅਤੇ ਮੇਰੇ ਚੁਣੇ ਹੋਏ ਆਪਣੇ ਹੱਥਾਂ ਦਾ ਕੰਮ ਢੇਰ ਚਿਰ ਭੋਗਣਗੇ।*

*ਓਹ ਵਿਅਰਥ ਮਿਹਨਤ ਨਾ ਕਰਨਗੇ, ਨਾ ਕਲੇਸ਼ ਲਈ ਜਮਾਉਣਗੇ; ਓਹ* ***ਯਹੋਵਾਹ*** *ਦੀ ਮੁਬਾਰਕ ਅੰਸ ਜੋ ਹੋਣਗੇ, ਨਾਲੇ ਓਹਨਾਂ ਦੀ ਸੰਤਾਨ ਓਹਨਾਂ ਸਣੇ।*

*ਅਤੇ ਐਉਂ ਹੋਵੇਗਾ,...ਕਿ ਓਹਨਾਂ ਦੇ ਪੁਕਾਰਨ ਤੋਂ ਪਹਿਲਾਂ, ਮੈਂ ਉੱਤਰ ਦਿਆਂਗਾ;...*(ਕਰੂਬੀਆਂ ਦੇ ਪਿੱਛੇ, ਉਹ ਸ਼ਾਨਦਾਰ ਮਸਹ ਹੋਵੇਗਾ!)*...ਮੈਂ ਉੱਤਰ ਦਿਆਂਗਾ; ਅਤੇ ਉਹ ਅਜੇ ਗੱਲਾਂ ਹੀ ਕਰਦੇ ਹੋਣਗੇ, ਕਿ ਮੈਂ ਸੁਣ ਲਵਾਂਗਾ।*

*ਬਘਿਆੜ ਅਤੇ ਲੇਲਾ ਇਕੱਠੇ ਚਰਨਗੇ,....ਬਬਰ ਸ਼ੇਰ ਬਲਦ ਵਾਂਙੁ ਭੋਹ ਖਾਵੇਗਾ: ਸੱਪ ਦੀ ਰੋਟੀ ਖ਼ਾਕ ਹੋਵੇਗੀ। ਅਤੇ ਓਹ ਮੇਰੇ ਸਾਰੇ ਪਵਿੱਤ੍ਰ ਪਰਬਤ ਉੱਤੇ ਨਾ ਸੱਟ ਲਾਉਣਗੇ ਨਾ ਨਾਸ ਕਰਨਗੇ,* ***ਯਹੋਵਾਹ*** *ਫ਼ਰਮਾਉਂਦਾ ਹੈ।* (ਕੀ ਤੁਸੀਂ ਇਸ ਨੂੰ ਛੱਡ ਸਕਦੇ ਹੋ? ਨਹੀਂ!)

132 ਮੁੜ ਕੇ ਇੱਥੇ ਆਓ, ਅਤੇ ਯਸਾਯਾਹ ਮੁੜ ਬੋਲ ਰਿਹਾ ਹੈ, 11ਵਾਂ ਅਧਿਆਇ, ਪਹਿਲੀ ਆਇਤ ਲੈ ਕੇ 9ਵੀਂ ਤੱਕ। ਸੁਣੋ ਕਿ ਉਹ ਇੱਥੇ ਕੀ

ਕਹਿੰਦਾ ਹੈ, ਜਦੋਂ ਉਹ ਇੱਕ ਦਰਸ਼ਨ ਵੇਖਦਾ ਹੈ, ਉਹਨਾਂ ਇਸਤ੍ਰੀਆਂ ਨੂੰ ਵੇਖਣ ਤੋਂ ਬਾਅਦ, ਕਿ ਆਖਰੀ ਦਿਨਾਂ ਵਿੱਚ ਉਹ ਕਿਵੇਂ ਵਰਤਾਅ ਕਰਨਗੀਆਂ। ਨੀ-…ਖੈਰ, ਯਸਾਯਾਹ 11, ਤੋਂ 1।

*ਅਤੇ ਯੱਸੀ ਦੇ ਟੁੰਡ ਤੋਂ ਇੱਕ ਲਗਰ ਨਿੱਕਲੇਗੀ,…ਅਤੇ ਇੱਕ ਟਹਿਣਾ ਜੋ ਉਹ ਦੀਆਂ ਜੜ੍ਹਾਂ ਵਿੱਚੋਂ ਨਿਕਲੇਗਾ:* (ਉਹ ਕੌਣ ਸੀ? ਮਸੀਹ।)…*ਉਹ ਦੀਆਂ ਜੜ੍ਹਾਂ ਵਿੱਚੋਂ:*

*ਅਤੇ* **ਯਹੋਵਾਹ** *ਦਾ ਆਤਮਾ ਉਸ ਉੱਤੇ ਠਹਿਰੇਗਾ, ਬੁੱਧ ਤੇ ਸਮਝ ਦਾ ਆਤਮਾ, ਸਲਾਹ ਤੇ…ਸਮਰੱਥਾ ਦਾ ਆਤਮਾ,* **ਯਹੋਵਾਹ** *ਦੇ ਗਿਆਨ ਅਤੇ…ਭੈ ਦਾ ਆਤਮਾ;*

*ਅਤੇ* **ਯਹੋਵਾਹ** *ਦੇ ਭੈ ਵਿੱਚ ਉਹ ਮਗਨ ਹੋਵੇਗਾ: ਅਤੇ ਉਹ ਨਾ ਆਪਣੀਆਂ ਅੱਖਾਂ ਦੇ ਵੇਖਣ ਅਨੁਸਾਰ ਨਿਆਉਂ ਕਰੇਗਾ, ਨਾ… ਆਪਣੇ ਕੰਨਾਂ ਦੇ ਸੁਣਨ ਅਨੁਸਾਰ ਫੈਸਲਾ ਦੇਵੇਗਾ:*

*ਪਰ ਉਹ ਧਰਮ ਨਾਲ ਗਰੀਬਾਂ ਦਾ ਨਿਆਉਂ ਕਰੇਗਾ, ਅਤੇ ਰਾਸਤੀ ਨਾਲ ਧਰਤੀ ਦੇ ਮਸਕੀਨਾਂ ਦਾ ਫ਼ੈਸਲਾ ਦੇਵੇਗਾ: ਉਹ ਧਰਤੀ ਨੂੰ ਆਪਣੇ ਮੂੰਹ ਤੇ ਡੰਡੇ ਨਾਲ ਮਾਰੇਗਾ, ਅਤੇ ਆਪਣੇ ਬੁੱਲਾਂ ਦੇ ਸਾਹ ਨਾਲ ਦੁਸ਼ਟਾਂ ਨੂੰ ਜਾਨੋਂ ਮਾਰ ਮੁਕਾਵੇਗਾ।*

*ਧਰਮ ਉਹ ਦੀ ਕਮਰ ਦਾ ਪਟਕਾ ਹੋਵੇਗਾ, ਅਤੇ ਵਫ਼ਾਦਾਰੀ ਉਹ ਦੇ ਲੱਕ ਦੀ ਪੇਟੀ ਹੋਵੇਗੀ।*

ਅਤੇ ਬਘਿਆੜ *ਲੇਲੇ ਨਾਲ ਰਹੇਗਾ, ਅਤੇ* ਚਿੱਤਾ *ਮੇਮਣੇ ਨਾਲ* ਬੈਠੇਗਾ, (ਉਹ ਬੱਕਰੀ ਹੈ); *ਅਤੇ ਵੱਛਾ ਅਤੇ ਜੁਆਨ ਸ਼ੇਰ ਤੇ ਪਾਲਤੂ ਪਸੂ…*ਜਾਂ ਵੱਛਾ, ਜਾਂ *ਸ਼ੇਰ ਅਤੇ ਪਾਲਤੂ ਪਸੂ ਇੱਕਠੇ ਰਹਿਣਗੇ; ਅਤੇ ਇੱਕ ਛੋਟਾ ਮੁੰਡਾ ਓਹਨਾਂ ਨੂੰ ਲਈ ਫਿਰੇਗਾ।*

*…ਗਾਂ ਤੇ ਰਿੱਛਨੀ ਚਰਨਗੀਆਂ;…ਅਤੇ ਉਨ੍ਹਾਂ ਦੇ ਬੱਚੇ* (ਅਤੇ) *ਇੱਕਠੇ ਲੇਟਣਗੇ: ਬਬਰ ਸ਼ੇਰ ਬਲਦ ਵਾਂਙੁ ਭੋਹ ਖਾਵੇਗਾ।*

*ਅਤੇ ਦੁੱਧ ਚੁੰਘਦਾ ਬੱਚਾ ਸੱਪ ਦੀ ਖੁੱਡ ਉੱਤੇ ਖੇਡੇਗਾ, ਅਤੇ ਦੁੱਧੋਂ ਛੁਡਾਇਆ ਹੋਇਆ ਬੱਚਾ ਆਪਣਾ ਹੱਥ ਨਾਗ ਦੀ ਵਰਮੀ ਵਿੱਚ ਰੱਖੇਗਾ।*

*ਮੇਰੇ ਸਾਰੇ ਪਵਿੱਤ੍ਰ ਪਰਬਤ ਵਿੱਚ ਓਹ ਨਾ ਸੱਟ ਲਾਉਣਗੇ* ਜਾਂ *ਨਾ ਨਾਸ ਕਰਨਗੇ: ਕਿਉਂ* ਜੋ *ਧਰਤੀ ਯਹੋਵਾਹ ਦੇ ਗਿਆਨ ਨਾਲ ਭਰੀ ਹੋਈ ਹੋਵੇਗੀ…ਜਿਵੇਂ ਸਮੁੰਦਰ ਪਾਣੀ ਨਾਲ ਢੱਕਿਆ ਹੋਇਆ ਹੈ।*

ਹੂੰ! ਇਹ ਤਾਂ ਉਸ ਨਵੇਂ ਯਰੂਸ਼ਲਮ ਵਿੱਚ ਹੈ। ਉਹ "ਨਵਾਂ" ਵਾਲਾ। ਇੱਥੇ, *ਟਾਹਣੀ*, ਤੋਂ ਭਾਵ, ਦਾਊਦ ਦੀ ਟਾਹਣੀ ਹੈ। "ਉਹ ਆਪ ਟਾਹਣੀ ਵੀ ਹੈ ਤੇ ਸੰਤਾਨ ਵੀ।"

133 ਹੁਣ, ਇਸ ਤੋਂ ਬਾਅਦ, ਲਾੜੀ ਪ੍ਰਗਟ ਹੁੰਦੀ ਹੈ। ਸੱਤਰ ਸਾਤਿਆਂ ਤੋਂ ਬਾਅਦ, ਲਾੜੀ ਪ੍ਰਕਾਸ਼ ਦੀ ਪੋਥੀ ਦੇ 19ਵੇਂ ਅਧਿਆਇ ਵਿੱਚ, ਪਹਿਲੀ ਅਤੇ 16ਵੀਂ ਆਇਤ ਵਿੱਚ ਦਿਖਾਈ ਦਿੰਦੀ ਹੈ। ਉਹ ਆਪਣੇ ਲਾੜੇ, ਸਮਰਥੀ ਰਾਜੇ ਦੇ ਨਾਲ ਆਉਂਦੀ ਹੈ। ਔਹ, ਮੇਰੇ! ਮੈਨੂੰ ਨਹੀਂ ਪਤਾ ਅਸੀਂ ਇਹ ਸਾਰਾ ਕੁਝ ਲੈ ਸਕਾਂਗੇ ਜਾਂ ਨਹੀਂ। ਬਸ ਇਸ ਨੂੰ ਲੈ ਲਿਆ ਹੈ ਤਾਂ ਜੋ...

ਅੱਛਾ, ਆਓ ਕੁਝ ਵੀ ਕਰਕੇ, ਕੁਝ ਹਿੱਸਾ ਤਾਂ ਪੜ੍ਹ ਹੀ ਲੈਂਦੇ ਹਾਂ। ਇਸ ਤੋਂ ਬਾਅਦ, ਇਹੀ ਉਹ ਥਾਂ ਹੈ ਜਿੱਥੇ ਲਾੜੀ ਆਵੇਗੀ। ਸਮਝੇ? ਹਜ਼ਾਰ ਸਾਲ ਦਾ ਰਾਜ ਸ਼ੁਰੂ ਹੋਣ ਤੋਂ ਬਾਅਦ, ਮਸੀਹ ਲਾੜੀ ਦੇ ਨਾਲ ਮੁੜ ਆਉਂਦਾ ਹੈ। ਠੀਕ ਹੈ, 1 ਤੋਂ 16, ਅਤੇ 19ਵਾਂ ਅਧਿਆਇ।

*ਅਤੇ ਇਨ੍ਹਾਂ ਗੱਲਾਂ ਦੇ ਮਗਰੋਂ...*

ਇਸ ਕਲੇਸ਼ ਤੋਂ ਬਾਅਦ; ਉਹਨਾਂ ਮੁਸੀਬਤਾਂ ਤੋਂ ਬਾਅਦ; ਮੋਹਰਾਂ ਤੋਂ ਬਾਅਦ; ਮਹਾਮਾਰੀਆਂ ਤੋਂ ਬਾਅਦ; ਸ਼ੈਤਾਨ ਦੇ ਬਾਹਰ ਸੁੱਟੇ ਜਾਣ ਤੋਂ ਬਾਅਦ; ਹਜ਼ਾਰ ਸਾਲ ਦਾ ਰਾਜ ਸਥਾਪਿਤ ਹੋਣ ਤੋਂ ਬਾਅਦ। ਵੇਖੋ!

*...ਇਨ੍ਹਾਂ ਗੱਲਾਂ ਦੇ ਮਗਰੋਂ ਮੈਂ ਸੁਰਗ ਵਿੱਚ ਇੱਕ...ਵੱਡੀ ਭੀੜ ਦੀ ਅਵਾਜ਼ ਜਿਹੀ, ਏਹ ਆਖਦੇ ਸੁਣੀ, ਹਲਲੂਯਾਹ; ਮੁਕਤੀ, ਅਤੇ ਮਹਿਮਾ,...ਆਦਰ,...ਸਮਰੱਥਾ, ਪ੍ਰਭੂ ਸਾਡੇ ਪਰਮੇਸ਼ੁਰ ਦੀ ਹੈ:*

*ਕਿਉਂ ਜੋ ਤੇਰੇ ਨਿਆਉਂ ਤਾਂ ਸੱਚੇ ਅਤੇ ਜਥਾਰਥ ਹਨ: ਇਸ ਲਈ ਜੋ ਉਸ ਨੇ ਉਸ ਵੱਡੀ ਕੰਜਰੀ ਦਾ, ਜਿਸਨੇ ਆਪਣੇ ਹਰਾਮਕਾਰੀ ਨਾਲ ਧਰਤੀ ਨੂੰ ਭ੍ਰਿਸ਼ਟ ਕੀਤਾ, ਅਤੇ ਆਪਣੇ ਹੱਥੋਂ ਆਪਣੇ ਦਾਸਾਂ ਦੇ ਲਹੂ ਦਾ ਬਦਲਾ ਲਿਆ ਹੈ।*

*ਅਤੇ ਓਹ ਦੁਬਾਰਾ...ਉਹ...ਅਤੇ ਉਹ ਦੂਜੀ ਵਾਰ ਬੋਲੇ, ਹਲਲੂਯਾਹ। ਅਤੇ ਉਹ ਦਾ ਧੂੰਆਂ ਜੁੱਗੋ ਜੁੱਗ ਪਿਆ ਉੱਠਦਾ ਹੈ।*

ਉਹ ਤਾਂ ਪੁਰਾਣੀ ਕੰਜਰੀ ਕਲੀਸਿਯਾ ਹੈ, "ਉਹ ਦਾ ਧੂੰਆਂ ਉੱਠਦਾ ਹੈ।"

*ਅਤੇ ਓਹ ਚੱਵੀ ਬਜ਼ੁਰਗ ਅਤੇ ਚਾਰ ਜੰਤੂ ਡਿੱਗ ਪਏ ਅਤੇ ਪਰਮੇਸ਼ੁਰ ਨੂੰ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਮੱਥਾ ਟੇਕ ਕੇ ਬੋਲੇ, ਆਮੀਨ; ਹਲਲੂਯਾਹ।*

*ਅਤੇ ਸਿੰਘਾਸਣ ਵੱਲੋਂ ਇੱਕ ਅਵਾਜ਼ ਇਹ ਆਖਦੇ ਨਿੱਕਲੀ, ਤੁਸੀਂ ਸੱਭੋ ਉਹ ਦਿਓ ਦਾਸੋ ਕੀ ਛੋਟੇ ਕੀ ਵੱਡੇ, ਜਿਹੜੇ ਉਸ ਤੋਂ ਭੈ ਕਰਦੇ ਹੋ, ਸਾਡੇ ਪਰਮੇਸ਼ੁਰ ਦੀ ਉਸਤਤ ਕਰੋ—ਸਾਡੇ ਪਰਮੇਸ਼ੁਰ ਦੀ ਉਸਤਤ ਕਰੋ।*

*ਅਤੇ ਮੈਂ ਵੱਡੀ ਭੀੜ ਦੀ ਅਵਾਜ਼ ਜਿਹੀ ਅਤੇ ਬਾਹਲਿਆਂ ਪਾਣੀਆਂ ਦੀ ਅਵਾਜ਼ ਜਿਹੀ,...*

ਸੁਣੋ! ਤੁਸੀਂ ਇੱਥੇ ਹੋ, ਕਲੀਸਿਯਾ। ਤੀਸਰੇ ਅਧਿਆਏ ਵਿੱਚ ਚਲੇ ਜਾਣ ਤੋਂ ਬਾਅਦ, ਫਿਰ ਉਹ ਇੱਥੇ ਆਉਂਦੀ ਹੈ। ਸਮਝੇ? ਅਤੇ ਹੁਣ 6ਵੀਂ ਆਇਤ।

*ਤਾਂ ਮੈਂ ਵੱਡੀ ਭੀੜ ਦੀ ਅਵਾਜ਼ ਜਿਹੀ ਅਤੇ ਬਾਹਲਿਆਂ ਪਾਣੀਆਂ ਦੀ ਅਵਾਜ਼ ਜਿਹੀ, ਅਤੇ ਬੱਦਲ ਦੀਆਂ ਡਾਢੀਆਂ ਗਰਜਾਂ ਦੀ ਅਵਾਜ਼ ਜਿਹੀ, ਇਹ ਆਖਦੇ ਸੁਣੀ, ਹਲਲੂਯਾਹ: ਪ੍ਰਭੂ ਸਾਡਾ ਪਰਮੇਸ਼ੁਰ ਸਰਬਸ਼ਕਤੀਮਾਨ ਰਾਜ ਕਰਦਾ ਹੈ।*

ਹਲਲੂਯਾਹ! ਵੇਖੋ! ਹੁਣ ਲੇਲੇ ਦਾ ਵਿਆਹ ਆ ਜਾਂਦਾ ਹੈ। ਇੱਥੇ ਉਹ ਆ ਜਾਂਦੀ ਹੈ।

*ਆਓ ਅਸੀਂ ਅਨੰਦ ਕਰੀਏ ਅਤੇ ਨਿਹਾਲ ਹੋਈਏ, ਅਤੇ ਉਹ ਦੀ ਵਡਿਆਈ ਕਰੀਏ: ਕਿਉਂ ਜੋ ਲੇਲੇ ਦਾ ਵਿਆਹ ਜੋ ਆ ਗਿਆ ਹੈ, ਅਤੇ ਉਹ ਦੀ ਲਾੜੀ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ।* (ਇੱਥੇ ਉਹ ਆਉਂਦੀ ਹੈ, ਦੋਵੇਂ, ਲਾੜੀ ਅਤੇ ਲਾੜਾ।)

*ਏਹ ਉਸ ਨੂੰ ਬਖ਼ਸ਼ਿਆ ਗਿਆ ਭਈ ਭੜਕੀਲੇ ਅਤੇ ਸਾਫ ਕਤਾਨ ਦੀ ਪੁਸ਼ਾਕ ਪਾਵੇ, ਸਾਫ ਅਤੇ ਚਿੱਟੇ: ਕਿਉਂ ਜੋ ਏਹ ਸਾਫ ਕਤਾਨ... ਤਾਂ ਸੰਤਾਂ ਦੀ ਧਾਰਮਿਕਤਾ ਹੈ।*

*ਅਤੇ ਉਸ ਨੇ ਮੈਨੂੰ ਆਖਿਆ, ਲਿਖ, ਭਈ ਧੰਨ ਓਹ ਜਿਹੜੇ ਲੇਲੇ ਦੇ ਵਿਆਹ ਦੀ ਦਾਓਤ ਵਿੱਚ ਸੱਦੇ ਹੋਏ ਹਨ। ਅਤੇ ਓਨ ਮੈਨੂੰ ਆਖਿਆ, ਭਈ ਏਹ...ਪਰਮੇਸ਼ੁਰ ਦੀਆਂ ਸੱਚੀਆਂ ਗੱਲਾਂ ਹਨ।*

*ਅਤੇ ਮੈਂ ਉਹ ਨੂੰ ਮੱਥਾ ਟੇਕਣ ਲਈ ਮੈਂ ਡਿੱਗ ਕੇ ਉਹ ਦੇ ਚਰਨੀ ਪਿਆ। ਤਾਂ ਓਸ ਮੈਨੂੰ ਆਖਿਆ, ਭਈ ਤੂੰ ਇਉਂ ਨਾ ਕਰ: ਮੈਂ ਤਾਂ ਤੇਰੇ ਨਾਲ ਦਾ,...ਤੇਰੇ ਭਰਾਵਾਂ ਅਤੇ ਜਿਹੜੇ...ਤੇਰੇ ਭਰਾਵਾਂ ਅਤੇ ਜਿਹੜੇ ਯਿਸੂ ਦਾ ਸਾਖੀ ਭਰਦੇ ਹਨ ਨਾਲ ਦਾ ਦਾਸ ਹਾਂ: ਪਰਮੇਸ਼ੁਰ ਨੂੰ ਮੱਥਾ ਟੇਕ: ਕਿਉਂ ਜੋ ਯਿਸੂ ਦੀ* (ਯਿਸੂ ਦੀ) *ਗਵਾਹੀ ਤਾਂ ਅਗੰਮ ਵਾਕ ਦੀ ਰੂਹ ਹੈ।*

*ਮੈਂ ਅਕਾਸ਼ ਨੂੰ ਖੁਲ੍ਹਿਆ ਹੋਇਆ ਡਿੱਠਾ, ਅਤੇ...ਇੱਕ ਨੁਕਰਾ ਘੋੜਾ;...(ਔਹ ਮੇਰੇ!)...ਅਤੇ ਉਹ ਜਿਹੜਾ ਉਸ ਤੇ ਸਵਾਰ ਹੈ... ਉਸ ਦਾ ਸਵਾਰ ਵਫ਼ਾਦਾਰ ਅਤੇ ਸੱਚਾ ਸਦਾਉਂਦਾ ਹੈ, ਅਤੇ...ਉਹ ਧਰਮ ਨਾਲ ਨਿਆਉਂ ਅਤੇ ਜੁੱਧ ਕਰਦਾ ਹੈ।*

*ਅਤੇ ਉਹ ਦੀਆਂ ਅੱਖੀਆਂ ਅੱਗ ਦੀ ਲਾਟ ਵਰਗੀਆਂ ਸਨ, ਅਤੇ...ਉਹ ਦੇ ਸਿਰ ਉੱਤੇ ਬਹੁਤ ਸਾਰੇ ਮੁਕਟ ਸਨ;...*

ਉਸ ਨੂੰ ਕਾਹਦਾ ਮੁਕਤ ਪਹਿਨਾਇਆ ਗਿਆ ਸੀ? "ਰਾਜਿਆਂ ਦਾ ਰਾਜਾ।"

*...ਅਤੇ ਉਹ ਦਾ ਇੱਕ ਨਾਮ ਲਿਖਿਆ ਹੋਇਆ ਹੈ, ਜਿਹ ਨੂੰ ਉਹ ਦੇ...ਬਿਨਾ, ਹੋਰ ਕੋਈ ਨਹੀਂ* ਜਾਣਦਾ।

*ਅਤੇ ਉਹ ਇੱਕ ਚਿੱਟਾ ਬਸਤਰ ਲਹੂ ਨਾਲ ਛਿੜਕਿਆ ਹੋਇਆ ਪਹਿਨੇ ਹੋਏ ਹੈ: ਅਤੇ ਉਹ ਦਾ ਨਾਮ ਪਰਮੇਸ਼ੁਰ ਦਾ ਸ਼ਬਦ ਅਖਵਾਉਂਦਾ ਹੈ।*

"ਆਦ ਵਿੱਚ ਸ਼ਬਦ ਸੀ, ਅਤੇ ਸ਼ਬਦ ਪਰਮੇਸ਼ੁਰ ਸੀ। ਅਤੇ ਸ਼ਬਦ ਦੇਹਧਾਰੀ ਹੋਇਆ ਅਤੇ ਸਾਡੇ ਵਿਚਕਾਰ ਵਾਸ ਕੀਤਾ।" ਇਹ ਕੌਣ ਸੀ? ਯਿਸੂ।

*...ਅਤੇ ਉਹ ਦਾ ਨਾਮ ਪਰਮੇਸ਼ੁਰ ਦਾ ਸ਼ਬਦ ਅਖਵਾਉਂਦਾ ਹੈ।*

*ਅਤੇ ਜਿਹੜੀਆਂ ਫੌਜਾਂ ਸੁਰਗ ਵਿੱਚ ਹਨ ਓਹ ਚਿੱਟੇ ਅਤੇ ਸਾਫ਼ ਕਤਾਨੀ ਕੱਪੜੇ ਪਹਿਨੀ, ਨੁਕਰਿਆਂ ਘੋੜਿਆਂ ਉੱਤੇ ਉਹ ਦੇ ਮਗਰ ਮਗਰ ਆਉਂਦੀਆਂ ਹਨ।* (ਮਹਿਮਾ! ਇੱਥੇ ਉਹ ਆਉਂਦੀ ਹੈ।)

*ਅਤੇ ਉਹ ਦੇ ਮੂੰਹ ਵਿੱਚੋਂ ਇੱਕ ਤਿੱਖੀ ਤਲਵਾਰ ਨਿੱਕਲਦੀ ਹੈ ਭਈ ਓਸ ਨਾਲ...*ਅਤੇ *ਓਸ ਨਾਲ ਉਹ ਕੌਮਾਂ ਨੂੰ ਮਾਰੇ: ਅਤੇ... ਉਹ ਲੋਹੇ ਦੇ ਡੰਡੇ ਨਾਲ ਓਹਨਾਂ ਉੱਤੇ ਹਕੂਮਤ ਕਰੇਗਾ: ਅਤੇ ਉਹ ਪਰਮੇਸ਼ੁਰ ਸਰਬ ਸ਼ਕਤੀਮਾਨ ਦੇ ਅੱਤ ਵੱਡੇ ਕ੍ਰੋਧ ਦੀ ਮੈ ਦੇ ਚੁਬੱਚੇ ਨੂੰ ਲਿਤਾੜਦਾ ਹੈ।*

*ਅਤੇ ਉਹ ਦੇ ਬਸਤਰ ਉੱਤੇ ਅਰ ਉਹ ਦੇ ਪੱਟ ਉੱਤੇ ਏਹ ਨੇਮ ਲਿਖਿਆ ਹੋਇਆ ਸੀ,* ***ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ।***

134 ਇਹ ਕੀ ਸੀ? ਉਸ ਦੇ ਲੋਕਾਂ ਨੇ ਹੁਣੇ ਹੀ ਉਸਨੂੰ ਰਾਜਿਆਂ ਦਾ ਰਾਜਾ, ਅਤੇ ਪ੍ਰਭੂਆਂ ਦਾ ਪ੍ਰਭੂ ਮਾਨ ਕੇ ਮੁਕਟ ਪਹਿਨਾਇਆ ਸੀ। ਉਹ ਆਪਣੇ ਪਵਿੱਤਰ ਮੰਦਰ ਵਿੱਚ ਵਾਪਸ ਆ ਰਿਹਾ ਹੈ, ਜੋ ਪਰਮੇਸ਼ੁਰ ਦੀ ਹਜੂਰੀ ਨਾਲ ਮਸਹ

ਕੀਤਾ ਗਿਆ ਹੈ, ਤਾਂ ਜੋ ਉਹ ਆਪਣੇ ਕਲੀਸਿਯਾ ਨਾਲ ਮਿਲ ਕੇ ਹਜਾਰ ਸਾਲ ਦੇ ਰਾਜ ਦੌਰਾਨ ਜੀਵੇ ਅਤੇ ਰਾਜ ਕਰੇ। ਆਮੀਨ! ਨਵੇਂ ਮਸਹ ਕੀਤੇ ਹੋਏ ਮੰਦਰ ਵਿੱਚ, ਮਹਾਨ ਸਮਰੱਥੀ ਰਾਜੇ ਦੇ ਨਾਲ, ਉਸ ਦੇ ਕੋਲ ਆਪਣੀ ਜਗ੍ਹਾ ਤੇ ਬੈਠਣ ਲਈ, ਪ੍ਰਗਟ ਹੋਵੇ।

135 ਹੁਣ ਪਰਕਾਸ਼ ਦੀ ਪੋਥੀ 6:1 ਤੋਂ ਲੈ ਕੇ ਪਰਕਾਸ਼ ਦੀ ਪੋਥੀ 19:21 ਤੱਕ ਦੇ ਛੇ-ਪੱਖੀ ਉਦੇਸ਼ ਪੂਰੇ ਹੋ ਗਏ ਹਨ।

136 ਹੁਣ ਸੁਣੋ, ਸਮਾਪਤੀ ਵਿੱਚ। ਸੱਤ ਮੋਹਰਾਂ, ਸੱਤ ਤੁਰ੍ਹੀਆਂ, ਸੱਤ ਕਟੋਰੇ, ਤਿੰਨ ਮੁਸੀਬਤਾਂ, ਸੂਰਜ ਵਿੱਚ ਔਰਤ, ਸ਼ਤਾਨ ਦਾ ਬਾਹਰ ਸੁੱਟਿਆ ਜਾਣਾ, ਜਾਂ ਲਾਲ ਅਜਗਰ, ਵੱਡੀ ਬਿਪਤਾ ਦੇ ਸਮੇਂ ਦੇ ਦੌਰਾਨ ਦੇ ਸਮਿਆਂ ਵਿੱਚ ਹੀ ਆਉਂਦਾ ਹੈ। ਇਸਨੂੰ ਨਾ ਭੁੱਲਣਾ। ਇਹ ਸਾਰੀਆਂ ਚੀਜ਼ਾਂ ਇਸ ਸਮੇਂ ਦੌਰਾਨ ਹੁੰਦੀਆਂ ਹਨ।

ਪਰ ਇੱਥੇ ਉਸਦੇ ਆਉਣ ਦਾ ਛੇ ਪੱਖੀ ਉਦੇਸ਼ ਹੈ। ਕੀ ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ? ਪ੍ਰਭੂ ਨੂੰ ਪਿਆਰ ਕਰਨ ਵਾਲਿਆਂ ਲਈ ਕਿੰਨਾ ਸ਼ਾਨਦਾਰ ਸਮਾਂ ਆਉਣ ਵਾਲਾ ਹੈ! ਮੈਂ ਤੁਹਾਨੂੰ ਦੱਸਦਾ ਹਾਂ, ਦੋਸਤ, ਅਸੀਂ ਇਸ ਨੂੰ ਗੁਆਉਣ ਦੀ ਹਿੰਮਤ ਨਹੀਂ ਕਰ ਸਕਦੇ। ਤੁਸੀਂ ਜੋ ਵੀ ਕਰੋ, ਪਰ ਇਸ ਤੋਂ ਖੁੰਝ ਨਾ ਜਾਇਓ। ਪੱਕਾ ਕਰ ਲੈਣਾ।

137 ਹੁਣ, ਅਗਲੇ ਐਤਵਾਰ, ਜੇ ਪ੍ਰਭੂ ਦੀ ਇੱਛਾ ਹੋਈ, ਤਾਂ ਮੈਂ ਇਹ ਪੇਸ਼ ਕਰਨਾ ਚਾਹੁੰਦਾ ਹਾਂ, ਜੇ ਉਹ ਮੇਰੀ ਇਹ ਵਿਖਾਉਣ ਵਿੱਚ ਸਹਾਇਤਾ ਕਰੇ, ਕਿ ਉਹਨਾਂ ਸੱਤ ਦਿਨਾਂ ਵਿਚੋਂ ਹਰ ਇੱਕ ਕਿੱਥੇ ਵਾਪਰਿਆ, ਅੱਜ ਜੋ ਕੁਝ ਮੈਂ ਕੀਤਾ ਉਹੀ—ਉਹੀ ਗੱਲ ਲਿਆਂਦੇ ਹੋਏ, ਉਹ ਸੱਤ ਸਮੇਂ, ਸੱਤ ਸਾਤੇ, ਸੱਤਰ ਸਾਤੇ ਬਿਲਕੁਲ ਠੀਕ ਉਸ ਯਹੂਦੀ ਮੰਦਰ ਦੇ ਥਾਂ ਰੱਖਾਂ, ਅਤੇ ਦਿਖਾਵਾਂ ਕਿ ਅਸੀਂ ਹੁਣ ਅੰਤ ਦੇ ਸਮੇਂ ਵਿੱਚ ਕਿੱਥੇ ਰਹਿ ਰਹੇ ਹਾਂ, ਜੇ ਪ੍ਰਭੂ ਦੀ ਇੱਛਾ ਹੋਈ।

138 ਕੀ ਤੁਸੀਂ ਉਸਨੂੰ ਪਿਆਰ ਕਰਦੇ ਹੋ? [ਸਭਾ ਕਹਿੰਦੀ ਹੈ, "ਆਮੀਨ।"—ਸੰਪਾ.] ਕੀ ਤੁਸੀਂ ਸਵਰਗ ਤੋਂ ਖੁੰਝ ਜਾਣ ਦੀ ਹਿੰਮਤ ਕਰ ਸਕਦੇ ਹੋ? ["ਨਹੀਂ।"] ਅਸੀਂ ਅੰਤ ਦੇ ਸਮੇਂ ਤੇ ਹਾਂ!

ਉਹ ਕੀ ਕਰਨ ਆ ਰਿਹਾ ਹੈ? ਪਹਿਲੀ ਗੱਲ ਜੋ ਧਰਤੀ ਤੇ ਯਿਸੂ ਦੇ ਆਉਣ ਤੋਂ ਪਹਿਲਾਂ ਵਾਪਰੇਗੀ, ਉਹ ਕੀ ਹੋਵੇਗੀ? ਕਲੀਸਿਆ ਨੂੰ (ਕੀ?) ਉੱਠਾ ਲਿਆ ਜਾਵੇਗਾ! ਕੀ ਯਿਸੂ ਧਰਤੀ ਤੇ ਆ ਕੇ ਕਬਰਾਂ ਦੇ ਕੋਲ ਫਿਰੇਗਾ, ਅਤੇ ਪਿਤਾ ਅਤੇ ਮਾਂ ਨਾਲ ਹੱਥ ਮਿਲਾਏਗਾ, ਸਾਡੇ ਨਾਲ ਗੱਲਾਂ ਕਰੇਗਾ, ਅਤੇ ਫਿਰ ਉੱਪਰ ਚੜ੍ਹ ਜਾਵੇਗਾ? ਨਹੀਂ!

ਇਹ ਕਿਵੇਂ ਹੋਵੇਗਾ?...ਅਸੀਂ ਪ੍ਰਭੂ ਦੇ ਬਚਨ ਦੇ ਅਨੁਸਾਰ—ਅਨੁਸਾਰ, ਤੁਹਾਨੂੰ ਇਹ ਆਖਦੇ ਹਾਂ, "ਅਸੀਂ ਜਿਹੜੇ ਜੀਊਂਦੇ ਅਤੇ ਬਾਕੀ ਰਹਿੰਦੇ ਹਾਂ..." ਦੂਜਾ ਥੱਸਲੁਨਿਕੀਆਂ, 5ਵਾਂ ਅਧਿਆਇ, "ਅਸੀਂ ਜਿਹੜੇ ਜੀਉਂਦੇ ਅਤੇ ਪ੍ਰਭੂ ਦੇ ਆਉਣ ਤੀਕ ਬਾਕੀ ਰਹਿੰਦੇ ਹਾਂ, ਸੋ ਓਹਨਾਂ ਤੋਂ ਜਿਹੜੇ ਸੌਂ ਗਏ ਹਨ ਕਦੀ ਅਗੇਤੇ ਨਾ ਹੋਵਾਂਗੇ। ਕਿਉਂ ਜੋ ਪਰਮੇਸ਼ੁਰ ਦੀ ਤੁਰ੍ਹੀ ਫੂਕੀ ਜਾਵੇਗੀ; ਜਿਹੜੇ ਮਸੀਹ ਵਿੱਚ ਹੋ ਕੇ ਮੋਏ ਹਨ ਓਹ ਪਹਿਲਾਂ ਜੀ ਉੱਠਣਗੇ: ਅਤੇ ਅਸੀਂ ਜਿਹੜੇ ਜੀਉਂਦੇ ਅਤੇ ਬਾਕੀ ਰਹਿੰਦੇ ਹਾਂ ਓਹਨਾਂ ਦੇ ਨਾਲ ਹੀ ਹਵਾ ਵਿੱਚ ਪ੍ਰਭੂ ਦੇ ਮਿਲਣ ਨੂੰ ਬੱਦਲਾਂ ਉੱਤੇ ਉਠਾਏ ਜਾਵਾਂਗੇ।" ਅਸੀਂ ਇੱਕ ਪਲ ਵਿੱਚ, ਅੱਖ ਦੇ ਝਪਕ ਨਾਲ ਉਠਾ ਲਏ ਜਾਵਾਂਗੇ। ਉਸ ਸਮੇਂ ਦੌਰਾਨ, ਕਲੀਸਿਆ ਦਾ ਯੁੱਗ ਖਤਮ ਹੋ ਜਾਵੇਗਾ।

139 ਫਿਰ, ਧਰਤੀ ਉੱਤੇ ਪਰਮੇਸ਼ੁਰ ਯਹੂਦੀਆਂ ਨਾਲ ਵਿਵਹਾਰ ਕਰਨਾ ਸ਼ੁਰੂ ਕਰੇਗਾ। ਉਥੇ ਦੋ ਨਬੀ ਹੋਣਗੇ। 11ਵੇਂ ਅਧਿਆਇ, ਵਿੱਚ ਅਸੀਂ ਇਸਨੂੰ ਪੜ੍ਹਾਂਗੇ। ਦੋ ਮਸਹ ਕੀਤੇ ਹੋਏ ਨਬੀ, ਏਲੀਯਾਹ ਅਤੇ ਮੂਸਾ ਵਾਂਗ, ਮੇਰੇ ਵਿਚਾਰ ਵਿੱਚ ਉਹੀ ਹੋਣਗੇ। ਉਹ ਵੱਡੇ ਸਰਾਪ ਲਿਆਉਣਗੇ, ਜਦੋਂ ਉਹ ਵੇਖਣਗੇ ਕਿ ਯਹੂਦੀ ਇਕੱਠੇ ਹੋ ਗਏ ਹਨ, ਅਤੇ ਰੋਮ ਨੇ ਆਪਣਾ ਨੇਮ ਤੋੜ ਦਿੱਤਾ ਹੈ, ਉਹ ਰਾਜਕੁਮਾਰ।

ਇਸ ਸੱਤਰਵੇਂ ਸਾਤੇ ਦੇ ਵਿਚਕਾਰ, ਉਹ ਰੋਮ ਨਾਲ ਆਪਣਾ ਨੇਮ ਤੋੜ ਲਵੇਗਾ, ਜਾਂ ਰੋਮ ਇਸਰਾਏਲ ਨਾਲ ਨੇਮ ਤੋੜੇਗਾ, ਅਤੇ ਉਸ ਕਾਰਨ ਘਿਨਾਉਣੀ ਚੀਜ਼ ਖਿੰਡਣੀ ਸ਼ੁਰੂ ਹੋ ਜਾਵੇਗੀ। ਅਤੇ ਉੱਥੇ ਇੱਕ ਵੱਡਾ ਹੜ੍ਹ ਆਵੇਗਾ, ਜਦੋਂ ਪਰਾਈਆਂ ਕੌਮਾਂ ਦੀ ਰਹਿੰਦ ਖੂੰਦ, ਸੁੱਤੀ ਹੋਈ ਕੁਆਰੀ...ਅਜਗਰ, ਰੋਮ, ਆਪਣੇ ਮੂੰਹ ਵਿੱਚੋਂ ਪਾਣੀ ਵਹਾਏਗਾ, ਤਾਂ ਜੋ ਉਨ੍ਹਾਂ ਨਾਲ ਜੁੱਧ ਕਰੇ ਜੋ ਇਸਤ੍ਰੀ ਦੇ ਵੰਸ ਵਿੱਚੋਂ ਬਾਕੀ ਰਹਿੰਦੇ ਅਤੇ ਜਿਹੜੇ ਪਰਮੇਸ਼ੁਰ ਦੀਆਂ ਆਗਿਆਂ ਦੀ ਪਾਲਨਾ ਕਰਦੇ ਸਨ। ਰੋਮ ਇਹ ਕਰੇਗਾ।

140 ਇੱਕ ਕਲੀਸਿਯਾਵਾਂ ਦਾ ਸੰਘ ਉਹਨਾਂ ਨੂੰ ਇਕੱਠਿਆਂ ਕਰੇਗਾ, ਅਤੇ ਯਹੂਦੀਆਂ ਨੂੰ ਇਸ ਸੰਘ ਵਿੱਚ ਲਿਆਵੇਗਾ, ਅਤੇ ਉਹਨਾਂ ਨੂੰ ਆਪਣੇ ਹੀ ਮੰਦਰ ਦੀ ਉਪਾਸਨਾ ਵਿੱਚ ਵਾਪਸ ਲਿਆਵੇਗਾ, ਜਿਵੇਂ ਇਹ ਬਾਈਬਲ ਵਿੱਚ **ਯਹੋਵਾਹ ਦਾ ਵਾਕ** ਹੈ, ਅਤੇ ਉਨ੍ਹਾਂ ਕੋਲ ਆਪਣੀ ਕਲੀਸਿਯਾ ਹੋਵੇਗੀ।

141 ਹੁਣ ਉਹ ਕੀ ਹਨ? ਇਹ ਹੁਣੇ ਹੀ ਮੇਰੇ ਮਨ ਵਿੱਚ ਆਇਆ ਹੈ, ਇਹ ਤਾਜ਼ਾ ਹੈ। ਹੁਣ ਉਹ ਇੱਕ ਦੇਸ਼ ਹਨ, ਉਨ੍ਹਾਂ ਨੂੰ ਮਾਨਤਾ ਮਿਲ ਚੁੱਕੀ ਹੈ। ਕੀ ਇਹ ਸਹੀ ਹੈ? ਪਰ ਉਹਨਾਂ ਦੇ ਕੋਲ ਅਜੇ ਤੱਕ ਆਪਣੀ ਮੰਦਰ ਉਪਾਸਨਾ ਨਹੀਂ ਹੈ। ਅਤੇ ਜਦੋਂ ਉਹ ਮੰਦਰ ਉਪਾਸਨਾ ਕਾਇਮ ਕਰਨਗੇ, ਤਾਂ ਕਲੀਸਿਆ ਚਲੀ ਗਈ

ਹੋਵੇਗੀ। ਅਤੇ ਪਰਮੇਸ਼ੁਰ ਯਹੂਦੀਆਂ ਨਾਲ ਇੱਕ ਰਾਸ਼ਟਰ ਵਜੋਂ ਪੇਸ਼ ਆਵੇਗਾ। ਅਤੇ ਫਿਰ ਜਦੋਂ ਉਹ ਇਸ ਸੰਘ ਵਿੱਚ ਲਿਆਂਦੇ ਜਾਣਗੇ, ਰੋਮ ਇਸਨੂੰ ਸੱਤਰਵੇਂ ਸਾਤੇ ਦੇ ਵਿਚਕਾਰ ਤੋੜ ਦਵੇਗਾ, ਸਾਢੇ ਤਿੰਨ ਸਾਲਾਂ ਬਾਅਦ, ਉਹ ਉਨ੍ਹਾਂ ਨਾਲ ਨੇਮ ਨੂੰ ਤੋੜ ਦੇਵੇਗਾ, ਅਤੇ ਉਹ ਉਜਾੜਣ ਵਾਲੀ ਦੀ ਘਿਨਾਉਣੀ ਚੀਜ਼ ਨੂੰ ਅੰਤ ਤੱਕ ਖਿੰਡਾ ਦੇਵੇਗਾ। ਫਿਰ ਉਹ ਪ੍ਰੋਟੈਸਟੈਂਟ, ਅਤੇ ਯਹੂਦੀਆਂ ਦੋਵਾਂ ਨੂੰ ਫੜੇਗਾ, ਅਤੇ ਸਤਾਏਗਾ। ਉਸ ਸਮੇਂ, ਇਹ ਦੋ ਨਬੀ ਖੜ੍ਹੇ ਹੋਣਗੇ ਅਤੇ ਧਰਤੀ ਨੂੰ ਸ਼ਰਾਪ ਦੇਣਗੇ, ਤਾਂ ਜੋ ਉਹਨਾਂ ਦੀ ਭਵਿੱਖਵਾਣੀ ਦੇ ਦਿਨਾਂ ਵਿੱਚ ਮੀਂਹ ਨਾ ਪਵੇ। ਅਤੇ ਉਹ ਅਕਾਸ਼ ਵਿੱਚੋਂ ਅੱਗ ਬੁਲਾ ਲਿਆਉਣਗੇ, ਅਤੇ ਹੋਰ ਸਭ ਕੁਝ ਕਰਨਗੇ। ਤੁਸੀਂ ਬਸ ਰੁਕੋ। ਸਾਡੇ ਕੋਲ ਸਿੱਖਣ ਲਈ, ਇੱਥੇ ਭੰਡਾਰ ਵਿੱਚ ਬਹੁਤ ਕੁਝ ਪਿਆ ਹੋਇਆ ਹੈ।

142 ਔਹ, ਉਹ ਕਿੰਨਾ ਮਹਾਨ ਪਰਮੇਸ਼ੁਰ ਹੈ! ਕਿੰਨਾ ਦਯਾਲੂ ਪਿਤਾ ਹੈ! ਮਿੱਤਰੋ, ਮੈਨੂੰ ਤੁਹਾਡਾ ਪਾਸਟਰ ਹੋਣ ਦੇ ਨਾਤੇ, ਇਹ ਕਹਿਣ ਦਿਓ। ਤੁਹਾਨੂੰ ਉਨ੍ਹਾਂ ਵਿਸ਼ੇਸ਼ ਅਧਿਕਾਰਾਂ ਦਾ ਅਹਿਸਾਸ ਨਹੀਂ ਹੈ ਜਿਨ੍ਹਾਂ ਦੇ ਹੇਠ ਤੁਸੀਂ ਰਹਿ ਰਹੇ ਹੋ। ਤੁਹਾਨੂੰ ਅਹਿਸਾਸ ਨਹੀਂ ਹੈ। ਬਹੁਤ ਸਾਰੇ ਮਹਾਨ ਮਨੁੱਖ, ਬਹੁਤ ਸਾਰੇ ਸੰਤ, ਹਜ਼ਾਰਾਂ ਪਵਿੱਤਰ ਲੋਕ ਸਨ ਬੀਤੇ ਸਾਲਾਂ ਵਿੱਚ ਮਰ ਗਏ ਹਨ, ਆਤਮਾ ਨਾਲ ਭਰੇ ਹੋਏ ਮਨੁੱਖ ਜੋ ਇਸ ਦਿਨ ਨੂੰ ਦੇਖਣ ਲਈ ਤਰਸਦੇ ਰਹੇ ਜਿਸ ਵਿੱਚ ਅੱਜ ਤੁਸੀਂ ਜੀ ਰਹੇ ਹੋ। ਆਓ ਤੁਸੀਂ ਤੇ ਮੈਂ ਇਸ ਦਾ ਲਾਭ ਉਠਾਈਏ।

143 ਫਿਰ ਸਾਡੇ ਕੋਲ ਦੇਖਣ ਲਈ ਹੋਰ ਕੀ ਬਚਿਆ ਹੈ? ਅਸੀਂ ਇਸ ਤੋਂ ਬਾਅਦ ਕੀ ਕਰ ਸਕਦੇ ਹਾਂ? ਅਸੀਂ ਕਿੱਥੇ ਜਾਣਾ ਹੈ? ਕੀ ਹੋਣ ਵਾਲਾ ਹੈ? ਸਾਨੂੰ ਕਿਸੇ ਨਾ ਕਿਸੇ ਥਾਂ ਜਾਣਾ ਹੀ ਪਵੇਗਾ। ਤੁਸੀਂ ਇੱਥੇ ਹਮੇਸ਼ਾ ਨਹੀਂ ਰਹਿ ਸਕਦੇ। ਤੁਸੀਂ ਆਪਣਾ ਘਾਹ ਕੱਟ ਸਕਦੇ ਹੋ; ਪਰ ਅਗਲੇ ਹਫ਼ਤੇ ਉਸ ਨੂੰ ਮੁੜ ਕੱਟਣਾ ਪਵੇਗਾ; ਹਾਂ, ਦੋ ਵਾਰ, ਉਸ ਤੋਂ ਵੀ ਪਹਿਲਾਂ। ਤੁਸੀਂ ਆਪਣੇ ਬੱਚਿਆਂ ਨੂੰ ਪਾਲ ਸਕਦੇ ਹੋ। ਤੁਸੀਂ ਉਨ੍ਹਾਂ ਨੂੰ ਦੁਪਹਿਰ ਦਾ ਖਾਣਾ ਦਿੰਦੇ ਹੋ; ਪਰ ਸ਼ਾਮ ਤੱਕ ਫਿਰ ਉਹ ਭੁੱਖੇ ਹੋ ਜਾਂਦੇ ਹਨ। ਉਨ੍ਹਾਂ ਨੂੰ ਸ਼ਾਮ ਦਾ ਖਾਣਾ ਦਿੰਦੇ ਹੋ; ਅਗਲੀ ਸਵੇਰੇ ਉਨ੍ਹਾਂ ਨੂੰ ਮੁੜ ਕੇ ਭੁੱਖ ਲੱਗ ਜਾਂਦੀ ਹੈ। ਤੁਸੀਂ ਉਨ੍ਹਾਂ ਨੂੰ ਇਕ ਜੋੜਾ ਜੁੱਤੀਆਂ ਖਰੀਦ ਕੇ ਦਿੰਦੇ ਹੋ; ਜੇ ਉਹ ਮੇਰੇ ਬੱਚਿਆਂ ਵਰਗੇ ਹਨ, ਤਾਂ ਦੋ ਜਾਂ ਤਿੰਨ ਮਹੀਨਿਆਂ ਵਿੱਚ ਮੁੜ ਨਵਾਂ ਜੋੜਾ ਲੈਣਾ ਪੈਂਦਾ ਹੈ। ਇਸ ਮਹੀਨੇ ਤੁਸੀਂ ਉਨ੍ਹਾਂ ਲਈ ਕੱਪੜੇ ਮੁੱਲ ਲੈਂਦੇ ਹੋ; ਇਕ ਮਹੀਨੇ ਜਾਂ ਦੋ ਮਹੀਨੇ ਬਾਅਦ ਮੁੜ ਨਵੇਂ ਲੈਣੇ ਪੈਂਦੇ ਹਨ। ਵੇਖਿਆ? ਇਸ ਦੁਨੀਆ ਵਿੱਚ ਕੁਝ ਵੀ ਸਦਾ ਕਾਇਮ ਨਹੀਂ ਰਹਿੰਦਾ। ਇੱਥੇ ਕੁਝ ਵੀ ਸਥਿਰ ਨਹੀਂ। ਕੋਈ ਵੀ ਚੀਜ਼ ਟਿਕੀ ਨਹੀਂ ਰਹਿ ਸਕਦੀ।

ਇਸ ਸੰਸਾਰ ਦੀ ਵਿਅਰਥ ਦੌਲਤ ਦਾ ਲਾਲਚ ਨਾ ਕਰੋ,
ਜੋ ਛੇਤੀ ਹੀ ਨਾਸ਼ ਹੋ ਜਾਂਦੀ ਹੈ,
ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
ਉਹ ਕਦੇ ਨਹੀਂ ਟਲਣਗੀਆਂ!

ਸਮਾਂ ਤੇਜ਼ ਬਦਲਾਅ ਨਾਲ ਭਰਿਆ ਹੋਇਆ ਹੈ,
ਧਰਤੀ ਉੱਤੇ ਕੁਝ ਵੀ ਅਟਲ ਖੜ੍ਹਾ ਨਹੀਂ ਰਹਿ ਸਕਦਾ,
ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

ਸੁਣੋ:

ਜਦੋਂ ਸਾਡੀ ਯਾਤਰਾ ਪੂਰੀ ਹੋ ਜਾਵੇਗੀ, (ਉਹ ਸਾਨੂੰ ਦੱਸੇਗਾ ਕਿ ਇਹ ਕਦੋਂ ਖਤਮ ਹੋਵੇਗੀ।)
ਜੇ ਪਰਮੇਸ਼ੁਰ ਲਈ ਅਸੀਂ ਸੱਚੇ ਰਹੇ ਹਾਂ,
ਮਹਿਮਾ ਵਿੱਚ ਸਾਡਾ ਘਰ ਸਾਫ਼-ਸੁਥਰਾ ਅਤੇ ਚਮਕਦਾਰ ਹੈ, (ਉਹ ਮਸਹ ਕੀਤਾ ਹੋਇਆ ਸ਼ਹਿਰ।)
ਸਾਡੀ ਮਗਨ ਹੋਈ ਆਤਮਾ ਵੇਖੇਗੀ!

ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

ਇਸ ਸੰਸਾਰ ਦੀ ਵਿਅਰਥ ਦੌਲਤ ਦਾ ਲਾਲਚ ਨਾ ਕਰੋ,
ਜੋ ਛੇਤੀ ਹੀ ਨਾਸ਼ ਹੋ ਜਾਂਦੀ ਹੈ,
ਬਸ ਆਪਣੀਆਂ ਉਮੀਦਾਂ ਸਦੀਪਕ ਚੀਜ਼ਾਂ ਤੇ ਬਣਾਓ,
ਉਹ ਕਦੇ ਨਹੀਂ ਟਲਣਗੀਆਂ!

ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

ਜਦੋਂ ਅਸੀਂ ਆਪਣਾ ਸਿਰ ਝੁਕਾਉਂਦੇ ਹਾਂ, ਜੇ ਤੁਸੀਂ ਕਦੇ ਉਸਦਾ ਹੱਥ ਨਹੀਂ ਫੜਿਆ, ਤਾਂ ਕੀ ਹੁਣ ਤੁਸੀਂ ਆ ਕੇ ਕਿਉਂ ਨਹੀਂ ਫੜ ਲੈਂਦੇ?

ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

144 ਛੋਟੀਏ ਕੁੜੀਏ, ਤੂੰ ਹੁਣ ਇੱਕ ਸੋਹਣੀ, ਨਿੱਕੀ ਜਿਹੀ ਕੁੜੀ ਹੈਂ। ਤੇਰੇ ਛੋਟੇ ਵਾਲ ਸੋਹਣੇ ਹਨ, ਤੇਰੀਆਂ ਨਿੱਕੀਆਂ ਗੱਲ੍ਹਾਂ ਗੁਲਾਬੀ ਹਨ। ਪਰ, ਤੂੰ ਜਾਣਦੀ ਹੈਂ, ਇਹ ਸਿਰਫ਼ ਕੱਲ੍ਹ ਹੀ ਹੋਣ ਵਾਲਾ ਹੈ, ਜਦੋਂ, ਉਹ ਅਲੋਪ ਨਹੀਂ ਹੋ ਜਾਣਗੇ। ਸਾਨੂੰ ਕੀ ਪਤਾ ਕਿ ਅਗਲੇ ਹਫ਼ਤੇ ਹੀ ਮਿੱਟੀ ਦੇ ਕੀੜੇ ਉਹ ਸੋਹਣੇ, ਨਿੱਕੇ, ਗੁਲਾਬੀ ਗੱਲਾਂ ਨੂੰ ਨਾ ਖਾ ਰਹੇ ਹੋਣ?

145 ਜਵਾਨ ਭਾਈ, ਤੂੰ ਤਾਕਤਵਰ ਹੈਂ, ਵੱਡੀਆਂ, ਮਜ਼ਬੂਤ ਮਾਸਪੇਸ਼ੀਆਂ ਹਨ; ਤੇਰੇ ਵਿੱਚ ਵੱਡੀ ਉਮੀਦ ਹੈ। ਪਰ ਕੁਝ ਸਮੇਂ ਬਾਅਦ, ਬਸ ਕੱਲ੍ਹ ਹੀ, ਉਹ ਸੋਹਣੇ ਘੁੰਗਰਾਲੇ ਵਾਲ ਝੜ ਜਾਣਗੇ, ਅਤੇ ਜੋ ਕੁਝ ਬਚੇਗਾ ਉਹ ਸਫ਼ੈਦ ਹੋ ਜਾਵੇਗਾ। ਉਹ ਵੱਡੇ, ਸਿੱਧੇ ਮੋਢੇ ਝੁੱਕ ਜਾਣਗੇ, ਅਤੇ ਕੀੜੇ ਬਾਂਹਾਂ ਅਤੇ ਮਾਸ ਨੂੰ ਖਾਣਾ ਸ਼ੁਰੂ ਕਰ ਦੇਣਗੇ। ਉਹ ਤੈਨੂੰ ਚੁੱਕ ਕੇ, ਮਿੱਟੀ ਵਿੱਚ ਦੱਬ ਦੇਣਗੇ।

ਇਸ ਲਈ, ਅਨੰਤ ਚੀਜ਼ਾਂ ਤੇ ਆਪਣੀਆਂ ਉਮੀਦਾਂ ਬਣਾਓ,
ਉਹ ਕਦੇ ਨਹੀਂ ਟੱਲਣਗੀਆਂ!

ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਪਰਮੇਸ਼ੁਰ ਨੂੰ ਫੜੀ ਰੱਖੋ...

ਚਾਹੁੰਦੇ ਹਾਂ ਕਿ ਤੁਸੀਂ ਹੱਥ ਵਧਾਓ ਅਤੇ ਉਸਦਾ ਹੱਥ ਫੜ ਲਵੋ।

ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

ਫਿਰ ਜਦੋਂ ਇਹ ਯਾਤਰਾ ਪੂਰੀ ਹੋ ਜਾਵੇਗੀ, (ਕਿਸੇ ਦਿਨ, ਇਹ ਹੋ ਜਾਵੇਗਾ।)
ਜੇ ਤੁਸੀਂ ਪਰਮੇਸ਼ੁਰ ਲਈ ਸੱਚੇ ਰਹੇ ਹੋ,
ਮਹਿਮਾ ਵਿੱਚ ਤੁਹਾਡਾ ਘਰ ਸਾਫ਼ ਅਤੇ ਚਮਕਦਾਰ ਹੋਵੇਗਾ,
ਤੁਹਾਡੀ ਮਗਨ ਹੋਈ ਆਤਮਾ ਵੇਖੇਗੀ!

ਤੁਸੀਂ ਪਰਮੇਸ਼ੁਰ ਦੇ ਅਟੱਲ ਹੱਥ ਨੂੰ ਕਿਉਂ ਨਹੀਂ ਫੜਦੇ!

ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

146 ਮੈਂ ਬਹੁਤ ਸਾਰੇ ਨਜ਼ਾਰੇ ਦੇਖੇ ਹਨ, ਲਗਭਗ ਇਕੱਤੀ ਸਾਲ ਮੇਜ਼ ਪਿੱਛੇ ਬੀਤ ਗਏ ਹਨ। ਮੈਂ ਦੁੱਖਦਾਈ ਦ੍ਰਿਸ਼ ਵੇਖੇ ਹਨ; ਮੈਂ ਮਹਾਨ ਨਜ਼ਾਰੇ ਵੀ ਵੇਖੇ ਹਨ। ਮੇਰੀ ਜ਼ਿੰਦਗੀ ਵਿੱਚ ਸਭ ਤੋਂ ਦੁਖਦਾਈ ਦਰਸ਼ਨ ਜੋ ਮੈਂ ਕਦੇ ਵੇਖਿਆ…ਏਥੋਂ ਤਕ ਕਿ ਮੈਂ ਸੜਕਾਂ ਤੇ ਭੁੱਖੇ ਮਰਦੇ ਬੱਚੇ ਵੇਖੇ ਹਨ; ਮਾਵਾਂ ਨੂੰ ਇਕ ਟੁੱਕੜਾ ਰੋਟੀ ਲਈ ਭੀਖ ਮੰਗਦਿਆਂ ਵੇਖਿਆ ਹੈ। ਪਰ ਸਭ ਤੋਂ ਦੁਖਦਾਈ ਦ੍ਰਿਸ਼ ਜੋ ਮੈਂ ਕਦੇ ਵੇਖਿਆ ਹੈ, ਉਹ ਹੈ ਇਕ ਆਦਮੀ ਨੂੰ, ਇਕ ਮਨੁੱਖ ਨੂੰ, ਜੋ ਪਰਮੇਸ਼ੁਰ ਦਾ ਪੁੱਤਰ ਹੋਣਾ ਚਾਹੀਦਾ ਸੀ, ਉਹ ਪਰਮੇਸ਼ੁਰ ਨੂੰ ਜਾਣੇ ਬਿਨਾ ਮਰ ਜਾਵੇ।

147 ਮੈਨੂੰ ਯਾਦ ਹੈ, ਇਕ ਰਾਤ ਇਸ ਕਲੀਸਿਆ ਦੇ ਦਰਵਾਜ਼ੇ ਤੇ ਇਕ ਔਰਤ ਖੜੀ ਸੀ, ਉਹ ਮੇਰੇ ਤੇ ਹੱਸ ਰਹੀ ਸੀ। ਅਤੇ ਕਿਹਾ, "ਮੈਂ ਤਾਂ ਆਪਣੀ ਗਾਂ ਨੂੰ ਵੀ ਉਹੋ ਜਿਹਾ ਧਰਮ ਨਾ ਦੇਵਾਂ ਜੋ ਇਸ ਕੋਲ ਹੈ!" ਇਕ ਘੰਟੇ ਤੋਂ ਘੱਟ ਸਮੇਂ ਵਿੱਚ, ਮੈਨੂੰ ਹਸਪਤਾਲ ਬੁਲਾਇਆ ਗਿਆ। ਸੁੰਦਰ ਔਰਤ, ਲਗਭਗ ਬਾਈ ਸਾਲ ਦੀ, ਉਹ ਚੀਖ ਰਹੀ ਸੀ, "ਉਹ ਪ੍ਰਚਾਰਕ ਨੂੰ ਇੱਥੇ ਲਿਆਓ!" ਉਹ ਵਿਸ਼ਵਾਸ ਪੱਖੋਂ, ਕੈਥੋਲਿਕ ਸੀ।

ਜਦੋਂ ਮੈਂ ਉੱਪਰ ਗਿਆ, ਤਾਂ ਉਸਦੀ ਵੱਡੀ ਭੈਣ ਨੇ ਕਿਹਾ, "ਤੁਸੀਂ ਬਹੁਤ ਦੇਰ ਕਰ ਦਿੱਤੀ, ਭਾਈ ਬ੍ਰਨਹਾਮ। ਉਹ ਲਗਭਗ ਪੰਜ ਮਿੰਟ ਪਹਿਲਾਂ ਮਰ ਗਈ।"

ਮੈਂ ਕਿਹਾ, "ਕੀ ਮੈਂ ਉਸਨੂੰ ਵੇਖ ਸਕਦਾ ਹਾਂ?"

ਉਸਨੇ ਕਿਹਾ, "ਉਸ ਨੇ ਆਪਣੇ ਆਖ਼ਰੀ ਸ਼ਬਦਾਂ ਵਿੱਚ, ਤੁਹਾਡੇ ਲਈ ਪੁਕਾਰਿਆ ਸੀ, 'ਓਸ ਪ੍ਰਚਾਰਕ ਨੂੰ ਲਿਆਓ, ਭਾਈ ਬ੍ਰਨਹਾਮ ਨੂੰ!'"

ਉਸਦਾ ਪਤੀ ਵੀ ਉੱਥੇ ਸੀ, ਚੀਖਦਾ ਹੋਇਆ, "ਉਸ ਲਈ ਪ੍ਰਾਰਥਨਾ ਕਰੋ! ਇਕ ਪ੍ਰਾਰਥਨਾ ਕਰੋ!"

ਮੈਂ ਕਿਹਾ, "ਹੁਣ ਬਹੁਤ ਦੇਰ ਹੋ ਚੁੱਕੀ ਹੈ।"

148 ਮੈਂ ਚਾਦਰ ਹਟਾਈ। ਉਸਦੀਆਂ ਵੱਡੀਆਂ ਭੂਰੀਆਂ ਅੱਖਾਂ ਸਨ। ਉਹ ਸੁੰਦਰ ਔਰਤ ਸੀ; ਉਸਦੇ ਚਿਹਰੇ ਤੇ ਛੋਟੇ ਛੋਟੇ ਤਿਲ ਸਨ; ਸੁਨਹਿਰੇ-ਭੂਰੇ ਰੰਗ ਦੇ ਵਾਲ; ਉਹ ਬਹੁਤ ਆਕਰਸ਼ਕ ਸੀ। ਉਸਨੇ ਇੰਨਾ ਦੁੱਖ ਸਹਿਆ ਸੀ ਕਿ ਤਿਲ ਉਸਦੇ ਚਿਹਰੇ ਤੇ ਫੋੜਿਆਂ ਵਾਂਗ ਨਜ਼ਰ ਆ ਰਹੇ ਸਨ। ਉਸਦੀਆਂ ਅੱਖਾਂ ਆਪਣੇ ਖੋਖਿਆਂ ਤੋਂ ਬਾਹਰ ਨਿਕਲ ਆਈਆਂ ਸਨ, ਇਸ ਤਰ੍ਹਾਂ। ਅਤੇ, ਜ਼ਾਹਿਰ

ਹੈ, ਉਸਦੀਆਂ ਅੰਤੜੀਆਂ ਅਤੇ ਗੁਰਦਿਆਂ ਨੇ ਕੰਮ ਕਰਨਾ ਛੱਡ ਦਿੱਤਾ ਸੀ, ਜਿਵੇਂ ਵਿੱਚ—ਵਿੱਚ...ਜਿਵੇਂ ਹਰ ਕੋਈ ਮਰਨ ਵੇਲੇ ਕਰਦਾ ਹੈ, ਜਿਆਦਾਤਰ। ਅਤੇ ਉੱਥੇ ਉਹ ਇਸ ਹਾਲਤ ਵਿੱਚ ਪਈ ਸੀ, ਉਸਦਾ ਮੂੰਹ ਖੁੱਲ੍ਹਾ ਪਿਆ ਸੀ। ਅਤੇ ਉਸਦੀਆਂ ਪਲਕਾਂ ਨੇ, ਉਸ ਦੀਆਂ ਅੱਖਾਂ ਦੇ ਭੂਰੇ ਹਿੱਸੇ ਨੂੰ ਅੱਧਾ ਢੱਕਿਆ ਹੋਇਆ ਸੀ। ਮੈਂ ਇਸਨੂੰ ਕਦੇ ਨਹੀਂ ਭੁੱਲਾਂਗਾ। ਉਹ ਗੀਤ ਮੇਰੇ ਮਨ ਵਿੱਚ ਆਇਆ।

ਇਸ ਸੰਸਾਰ ਦੀ ਵਿਅਰਥ ਦੌਲਤ ਦਾ ਲਾਲਚ ਨਾ ਕਰੋ।
(ਸੁੰਦਰਤਾ, ਠਾਠ-ਬਾਠ।)

149 ਮੈਂ ਇੱਥੇ ਹੀ ਪੋਰਟ ਫਲਟਨ ਵਿੱਚ ਇੱਕ ਆਦਮੀ ਦੇ ਪਾਸ ਖੜ੍ਹਾ ਸੀ, ਜੋ ਮਰ ਰਿਹਾ ਸੀ। ਉਹਨਾਂ ਨੇ ਮੈਨੂੰ ਉਸਦੇ ਬਿਸਤਰ ਕੋਲ ਬੁਲਾਇਆ। ਅਤੇ ਇੱਕ ਰਾਤ ਮੈਂ ਇੱਥੇ ਵੇਦੀ ਤੇ ਉਸ ਨਾਲ ਪ੍ਰਾਰਥਨਾ ਕੀਤੀ ਸੀ। ਉਸ ਨੇ ਇੱਕ ਔਰਤ ਦੁਆਲੇ ਆਪਣੀ ਬਾਂਹ ਪਾਈ ਹੋਈ ਸੀ। ਮੈਂ ਕਿਹਾ, "ਉਸ ਔਰਤ ਦੇ ਗੇੜ ਵਿਚੋਂ ਆਪਣੀ ਬਾਂਹ ਕੱਢ ਲੈ।"

ਉਸ ਨੇ ਕਿਹਾ, "ਮੈਂ ਇਸਨੂੰ ਪਰਮੇਸ਼ੁਰ ਵੱਲ ਲੈ ਕੇ ਜਾ ਰਿਹਾ ਹਾਂ।"

150 ਮੈਂ ਕਿਹਾ, "ਉਸ ਦੇ ਦੁਆਲੇ ਆਪਣੀ ਬਾਂਹ ਪਾ ਕੇ ਨਹੀਂ।" ਮੈਨੂੰ ਅਜਿਹੀਆਂ ਗੱਲਾਂ ਤੇ ਵਿਸ਼ਵਾਸ ਨਹੀਂ। ਉਹ ਮੇਰੇ ਨਾਲ ਗੁੱਸੇ ਹੋ ਗਿਆ। ਉਹ ਦਰਵਾਜ਼ਾ ਠੋਕ ਕੇ ਬਾਹਰ ਨਿਕਲ ਗਿਆ।

ਥੋੜ੍ਹੀ ਦੇਰ ਬਾਅਦ, ਜਦੋਂ ਉਹ ਮਰ ਰਿਹਾ ਸੀ, ਮੈਂ ਉਸ ਕੋਲ ਗਿਆ। ਉਸ ਨੇ ਮੇਰੇ ਮੂੰਹ ਵਲ੍ਹ ਵੇਖ ਕੇ, ਕਿਹਾ, "ਮੇਰੇ ਲਈ ਪ੍ਰਾਰਥਨਾ ਨਾ ਕਰੀਂ, ਭਾਈ ਬਿੱਲ। ਮੈਂ ਨਾਸ਼ ਹੋ ਗਿਆ ਹਾਂ। ਮੈਂ ਮੁੱਕ ਗਿਆ ਹਾਂ।" ਕਿਹਾ, "ਜੋ ਕੁਝ ਵੀ ਮੈਂ ਹਾਸਲ ਕੀਤਾ ਸੀ, ਸਭ ਕੁਝ ਖਤਮ ਹੋ ਗਿਆ ਹੈ।"

151 ਮੈਂ ਇਕ ਦਿਨ, ਇੱਥੇ ਹੀ ਕੋਨੇ ਤੇ, ਇੱਥੋਂ ਥੋੜ੍ਹਾ ਜਿਹਾ ਹਟ ਕੇ, ਉਸ ਆਦਮੀ ਦੇ ਕੋਲ ਖੜ੍ਹਾ ਸੀ ਜਿਸ ਨੇ ਮੈਨੂੰ ਆਪਣੇ ਮਰਨ ਵੇਲੇ ਆਪਣੇ ਬਿਸਤਰੇ ਕੋਲ ਬੁਲਾਇਆ ਸੀ। ਉਸ ਨੇ ਕਿਹਾ, "ਮੈਂ ਹਮੇਸ਼ਾ *ਅਜਿਹਾ-ਅਤੇ ਅਜਿਹਾ*, ਅਤੇ ਅਜਿਹਾ ਚਾਹਿਆ।" ਉਸ ਨੇ ਕਿਹਾ, "ਪਰ ਮੈਂ ਕਦੇ ਪ੍ਰਭੂ ਦੀ ਸੇਵਾ ਨਹੀਂ ਕੀਤੀ। ਬਹੁਤ ਵਾਰ ਮੈਂ ਆਪਣੇ ਆਪ ਨੂੰ ਵੇਦੀ ਤੇ ਜਾਣ ਤੋਂ ਰੋਕ ਲਿਆ।" ਉਸ ਨੇ ਕਿਹਾ, "ਭਾਈ ਬ੍ਰਨਹਾਮ, ਪ੍ਰਾਰਥਨਾ ਕਰ ਕਿ ਪਰਮੇਸ਼ੁਰ ਮੇਰੀ ਛੋਟੀ ਲੜਕੀ ਨੂੰ ਉਸ ਲਈ ਪਰਾਸਚਿਤ ਕਰਨ ਦੇਵੇ ਜੋ ਮੈਂ ਕੀਤੇ ਹਨ। ਸ਼ਾਇਦ ਉਹ ਪ੍ਰਭੂ ਲਈ ਕੁਝ ਕਰ ਸਕੇ।"

152 ਮੈਂ ਕਿਹਾ, "ਇਹ ਨਹੀਂ ਹੋ ਸਕਦਾ, ਭਾਈ। ਜੋ ਕੰਮ ਤੂੰ ਕਰਨੇ ਸਨ ਉਹ ਤਾਂ ਹੁਣ ਗੁਆਚ ਗਏ।" ਹੂੰ!

153 ਮੈਂ ਇੱਕ ਆਦਮੀ ਦੇ ਕੋਲ ਖੜ੍ਹਾ ਸੀ, ਵੇਖ ਰਿਹਾ ਸੀ ਕਿ ਉਹ ਚੋਵੀ ਘੰਟੀਆਂ ਤੋਂ ਸ਼ੈਤਾਨਾਂ ਨਾਲ ਲੜ ਰਿਹਾ ਸੀ। ਉਹ ਕਹਿੰਦਾ ਸੀ ਕਿ ਸ਼ੈਤਾਨ ਉਸਦੇ ਬਿਸਤਰੇ ਦੇ ਕੋਲ ਖੜ੍ਹੇ ਸਨ, ਉਨ੍ਹਾਂ ਦੀਆਂ ਗਰਦਨਾਂ ਤੇ ਜੰਜੀਰਾਂ ਲਪੇਟੀਆਂ ਹੋਈਆਂ ਸਨ। ਕਹਿੰਦਾ ਸੀ, "ਉਹਨਾਂ ਨੂੰ ਮੈਨੂੰ ਫੜਨ ਨਾ ਦੇਣਾ!" ਚੀਖਦਾ, ਉਸ ਨੂੰ ਬਿਸਤਰੇ ਵਿੱਚ ਥੰਮ੍ਹ ਕੇ ਰੱਖਣਾ ਪੈਂਦਾ ਸੀ। ਕਹਿੰਦਾ ਸੀ, "ਉਹ ਉੱਥੇ ਖੜ੍ਹਾ ਹੈ। ਕੀ ਤੈਨੂੰ ਨਹੀਂ ਦਿੱਸਦਾ? ਉਹ ਮੇਰੇ ਪਿੱਛੇ ਆ ਰਹੇ ਨੇ।" ਉਸ ਨੇ ਬਹੁਤ ਲੰਬੇ ਸਮੇਂ ਤਕ, ਪਰਮੇਸ਼ੁਰ ਨੂੰ ਟਾਲਿਆ ਸੀ। ਉਸ ਕੋਲ ਵੱਡੇ-ਵੱਡੇ ਖਲਿਹਾਣ ਘਾਹ, ਕਣਕ, ਚੰਗੀ ਨਸਲ ਦੇ ਘੋੜਿਆਂ ਨਾਲ ਭਰੇ ਹੋਏ ਸਨ। ਮੌਤ ਤੋਂ ਇੱਕ ਸਾਲ ਪਹਿਲਾਂ, ਉਸ ਨੇ ਪਰਮੇਸ਼ੁਰ ਨੂੰ ਉਸ ਦੇ ਮੁੱਖ ਤੇ ਫਿਟਕਾਰਿਆ ਸੀ, ਅਤੇ ਆਪਣੀ ਪਤਨੀ ਨੂੰ ਡੇਰੇ ਵਿੱਚ ਜਾਣ ਲਈ ਥੱਪੜ ਮਾਰਿਆ ਸੀ। ਤੁਹਾਨੂੰ ਪਤਾ ਹੈ ਕੀ ਹੋਇਆ? ਬਿਜਲੀ ਉਸਦੇ ਖਲਿਹਾਣ ਤੇ ਪਈ, ਉਸਦੇ ਘੋੜੇ ਮਾਰ ਦਿੱਤੇ, ਉਸ ਦਾ ਘਾਹ ਸਾੜ ਦਿੱਤਾ। ਅਤੇ ਉਹ ਆਦਮੀ ਕਿਸੇ ਤਰ੍ਹਾਂ ਦੇ ਟੂਣੇ ਵਿਚ ਮਰ ਗਿਆ, ਸ਼ੈਤਾਨਾਂ ਨੂੰ ਆਪਣੇ ਤੋਂ ਲਾਹੁਣ ਲਈ ਲੜਦਾ ਹੋਇਆ।

154 ਅਤੇ ਮੇਰਾ ਇੱਕ ਪੁਰਾਣਾ ਦੋਸਤ (ਮਹਿਮਾ ਹੋਵੇ!) ਉੱਥੇ ਖੜ੍ਹਾ ਸੀ, ਜ਼ਿੰਦਗੀ ਦੇ ਸਫ਼ਰ ਦੇ ਅੰਤ ਤੇ ਪਹੁੰਚ ਗਿਆ ਸੀ। ਮੈਂ ਕਿਹਾ, "ਕੀ ਤੁਸੀਂ ਜਾ ਰਹੇ ਹੋ, ਪਿਤਾ ਜੀ?"

ਉਸ ਨੇ ਕਿਹਾ, "ਇਹੀ ਹੈ, ਬਿਲੀ।"

ਮੈਂ ਕਿਹਾ, "ਇਹ ਕਿਵੇਂ ਹੈ?"

155 ਉਸ ਨੇ ਕਿਹਾ, "ਸਭ ਚੰਗਾ ਹੈ।" ਕਿਹਾ, "ਮੇਰੇ ਬੱਚਿਆਂ ਨੂੰ ਮੇਰੇ ਬਿਸਤਰੇ ਦੇ ਕੋਲ ਲਿਆਓ।" ਉਸ ਨੇ ਆਪਣੇ ਬੁੱਢੇ ਕਮਜ਼ੋਰ ਹੱਥ ਆਪਣੇ ਹਰ ਬੱਚੇ ਉੱਤੇ ਰੱਖੇ ਅਤੇ ਉਨ੍ਹਾਂ ਨੂੰ ਆਸ਼ੀਸ ਦਿੱਤੀ। ਆਪਣੇ ਦੋ ਪੁੱਤਰਾਂ ਨੂੰ ਦੱਸਿਆ, ਕਿਹਾ, "ਮੇਰੇ ਹੱਥ ਫੜੋ, ਉਨ੍ਹਾਂ ਨੂੰ ਉੱਪਰ ਚੁੱਕੋ, ਜਿਵੇਂ ਯਹੋਸ਼ੂਆ ਅਤੇ ਕਾਲੇਬ ਨੇ ਕੀਤਾ ਸੀ।" ਅਸੀਂ ਸੋਚ ਰਹੇ ਸੀ ਕਿ ਉਹ ਕੀ ਕਹਿਣ ਵਾਲਾ ਹੈ। ਉਸ ਨੇ ਕਿਹਾ:

ਖੁਸ਼ੀ ਦਾ ਦਿਨ, ਖੁਸ਼ੀ ਦਾ ਦਿਨ,
ਕਿਉਂਕਿ ਯਿਸੂ ਨੇ ਮੇਰੇ ਪਾਪ ਧੋ ਦਿੱਤੇ!
ਉਸ ਨੇ ਮੈਨੂੰ ਸਿਖਾਇਆ ਜਾਗਦੇ ਅਤੇ ਪ੍ਰਾਰਥਨਾ ਕਰਦੇ
  ਰਹਿਣਾ ਹੈ,
ਅਤੇ ਹਰ ਰੋਜ਼ ਖੁਸ਼ੀ ਨਾਲ ਜੀਊਣਾ ਹੈ।

ਸਾਡੇ ਕੋਲ ਵੀ ਉਹਨਾਂ ਵਿਚੋਂ ਕੁਝ ਚੀਜ਼ਾਂ ਆਉਣੀਆਂ ਹਨ, ਦੋਸਤੋ! ਹਰ ਕੋਈ ਚਾਹੁੰਦਾ ਹੈ ਚੰਗਾ ਖਾਣਾ ਖਾਵੇ, ਚੰਗੀ ਗੱਡੀ ਚਲਾਵੇ, ਜੋ ਵੀ ਵਧੀਆ ਚੀਜ਼

ਮਿਲ ਸਕਦੀ ਹੈ ਉਹ ਲਏ। ਮੈਂ ਕਿਸੇ ਨੂੰ ਦੋਸ਼ ਨਹੀਂ ਦੇਂਦਾ। ਇਹ ਸਭ ਠੀਕ ਹੈ। ਪ੍ਰਭੂ ਚਾਹੁੰਦਾ ਹੈ ਕਿ ਤੁਹਾਡੇ ਕੋਲ ਇਹ ਸਭ ਹੋਵੇ, ਪਰ:

ਇਸ ਸੰਸਾਰ ਦੀ ਵਿਅਰਥ ਦੌਲਤ ਦਾ ਲਾਲਚ ਨਾ ਕਰੋ,
ਜੋ ਛੇਤੀ ਹੀ ਨਾਸ਼ ਹੋ ਜਾਂਦੀ ਹੈ,
ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
ਉਹ ਕਦੇ ਨਹੀਂ ਟਲਣਗੀਆਂ!

ਆਓ ਹੁਣ ਗਾਉਂਦੇ ਹੋਏ ਆਪਣੇ ਹੱਥ ਉੱਪਰ ਚੁੱਕੀਏ।

ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

156 ਜਦੋਂ ਅਸੀਂ ਖੜ੍ਹੇ ਹਾਂ, ਆਓ ਹੁਣ ਘੁੰਮੀਏ ਅਤੇ ਕਿਸੇ ਨਾਲ ਹੱਥ ਮਿਲਾਈਏ। ਅਸੀਂ ਸਭਾ ਨੂੰ, ਜਾਰੀ ਰੱਖਾਂਗੇ, ਬਸ ਇੱਕ ਪਲ। ਪਰ ਮੈਂ ਚਾਹੁੰਦਾ ਹਾਂ ਕਿ ਤੁਸੀਂ ਪਿੱਛੇ ਮੁੜੋ ਜਦੋਂ ਅਸੀਂ ਉਸ ਗੀਤ ਦੀ ਇੱਕ ਹੋਰ ਤੁਕ ਗਾਉਂਦੇ ਹਾਂ।

ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

ਇਹ ਕਰ, ਪਿਤਾ! ਇਹ ਕਰ, ਪਿਤਾ! ਪਰਮੇਸ਼ੁਰ ਲਈ! ਇਹ ਕਰ, ਨੌਜਵਾਨ! ਇਹ ਕਰ, ਭਾਈ! ਇਹ ਕਰ, ਭਾਈ!

ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

157 ਕੀ ਤੁਸੀਂ ਉਸ ਲਈ ਖੁਸ਼ ਨਹੀਂ ਹੋ? ਕਹੋ "ਆਮੀਨ!" [ਸਭਾ ਕਹਿੰਦੀ ਹੈ, "ਆਮੀਨ!"—ਸੰਪਾ.] ਉਹ ਸਾਰੇ ਜੋ ਉਸਨੂੰ ਪਿਆਰ ਕਰਦੇ ਹਨ, ਆਖੋ, "ਯਹੋਵਾਹ ਦੀ ਉਸਤਤਿ ਕਰੋ।" ["ਯਹੋਵਾਹ ਦੀ ਉਸਤਤਿ ਕਰੋ!"] ਉਹ ਸਾਰੇ ਜੋ ਇਹ ਮੰਨਦੇ ਹਨ ਕਿ ਤੁਸੀਂ ਉਸ ਸ਼ਹਿਰ ਦੇ ਚੌਕ ਵਿੱਚ ਜਾ ਰਹੇ ਹੋ, ਆਪਣਾ ਹੱਥ ਉੱਪਰ ਚੁੱਕੋ। (ਇੱਕ ਮਿੰਟ ਰੁਕੋ, ਆਪਣੇ ਗੀਤ ਨਾਲ।)

ਮੈਂ ਉਸ ਸੁੰਦਰ ਸ਼ਹਿਰ ਵੱਲ ਜਾ ਰਿਹਾ ਹਾਂ, (ਹੁਣ ਇਹ ਕਿਵੇਂ ਚੱਲੇਗਾ?)
ਪ੍ਰਭੂ ਨੇ ਆਪਣਿਆਂ ਲਈ ਤਿਆਰ ਕੀਤਾ ਹੈ;
ਜਿੱਥੇ ਸਾਰੇ ਯੁੱਗਾਂ ਦੇ ਛੁਟਕਾਰਾ ਪਾਏ ਹੋਏ

ਸਫ਼ੇਦ ਸਿੰਘਾਸਨ ਦੇ ਆਲੇ-ਦੁਆਲੇ "ਮਹਿਮਾ!" ਗਾਉਂਦੇ ਹਨ;
ਕਈ ਵਾਰ ਮੈਨੂੰ ਸਵਰਗ ਦੀ ਯਾਦ ਆਉਂਦੀ ਹੈ,
ਅਤੇ ਉਹ ਮਹਿਮਾ ਜੋ ਮੈਂ ਉੱਥੇ ਵੇਖਾਂਗਾ:
ਕਿਹੋ ਜਿਹਾ ਆਨੰਦ ਹੋਵੇਗਾ, ਜਦੋਂ ਮੈਂ ਆਪਣੇ ਮੁਕਤੀ ਦਾਤਾ ਨੂੰ ਵੇਖਾਂਗਾ,
ਸੋਨੇ ਦੇ ਉਸ ਸੁੰਦਰ ਸ਼ਹਿਰ ਵਿੱਚ।

ਕੀ ਤੁਹਾਨੂੰ ਇਹ ਪਸੰਦ ਨਹੀਂ?

ਮੈਂ ਉਸ ਸੁੰਦਰ ਸ਼ਹਿਰ ਵੱਲ ਜਾ ਰਿਹਾ ਹਾਂ,
ਮੇਰੇ ਪ੍ਰਭੂ ਨੇ ਆਪਣਿਆਂ ਲਈ ਤਿਆਰ ਕੀਤਾ ਹੈ;
ਜਿੱਥੇ ਸਾਰੇ ਯੁੱਗਾਂ ਦੇ ਛੁਟਕਾਰਾ ਪਾਏ ਹੋਏ
ਸਫ਼ੇਦ ਸਿੰਘਾਸਨ ਦੇ ਆਲੇ-ਦੁਆਲੇ "ਮਹਿਮਾ" ਗਾਉਂਦੇ ਹਨ;
ਔਹ, ਕਈ ਵਾਰ ਮੈਨੂੰ ਸਵਰਗ ਦੀ ਯਾਦ ਆਉਂਦੀ ਹੈ,
ਅਤੇ ਖੁਸ਼ੀਆਂ ਜੋ ਮੈਂ ਓਥੇ ਦੇਖਾਂਗਾ:
ਇਹ ਕਿਹੋ ਜਿਹਾ ਆਨੰਦ ਹੋਵੇਗਾ, ਜਦੋਂ ਮੈਂ ਆਪਣੇ ਮੁਕਤੀਦਾਤਾ ਨੂੰ ਵੇਖਾਂਗਾ,
ਉਸ ਸੋਨੇ ਦੇ ਸੁੰਦਰ ਸ਼ਹਿਰ ਵਿੱਚ।

ਕੀ ਤੁਸੀਂ ਉਸਨੂੰ ਪਿਆਰ ਕਰਦੇ ਹੋ? [ਸੰਗਤ ਕਹਿੰਦੀ ਹੈ, "ਆਮੀਨ।"—ਸੰਪਾ.] ਫਿਰ:

ਯਿਸੂ ਦੇ ਨਾਮ ਨੂੰ ਆਪਣੇ ਨਾਲ ਲੈ ਲਓ,
ਦੁੱਖ ਅਤੇ ਸੋਗ ਦੀ ਸੰਤਾਨ;
ਇਹ ਤੁਹਾਨੂੰ ਅਨੰਦ ਅਤੇ ਆਰਾਮ ਦੇਵੇਗਾ,
ਤੁਸੀਂ ਜਿੱਥੇ ਵੀ ਜਾਂਦੇ ਹੋ ਇਸਨੂੰ ਲੈ ਜਾਓ।

ਅਨਮੋਲ ਨਾਮ, (ਅਨਮੋਲ ਨਾਮ!) ਔ ਕਿੰਨਾ ਪਿਆਰਾ! (ਔ ਕਿੰਨਾ ਪਿਆਰਾ!)
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ;
ਬਹੁਮੁੱਲਾ ਨਾਮ, ਬਹੁਮੁੱਲਾ ਨਾਮ, ਔ ਕਿੰਨਾ ਮਿੱਠਾ!
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ।

ਹੁਣ, ਅਗਲੇ ਐਤਵਾਰ ਭੁੱਲ ਨਾ ਜਾਣਾ, ਸਾਢੇ-ਨੌਂ ਵਜੇ। ਅਤੇ ਫਿਰ ਅਸੀਂ ਕੋਸ਼ਿਸ਼ ਕਰਾਂਗੇ, ਜੇ ਪ੍ਰਭੂ ਦੀ ਇੱਛਾ ਹੋਈ, ਤਾਂ ਸਮੇਂ ਸਿਰ ਮੁਕਾ ਦਿਆਂਗੇ, ਤਾਂ

ਜੋ ਅਗਲੇ ਐਤਵਾਰ ਸਾਢੇ-ਨੌਂ ਵਜੇ, ਬਿਮਾਰਾਂ ਲਈ ਪ੍ਰਾਰਥਨਾ ਕੀਤੀ ਜਾ ਸਕੇ।

ਯਿਸੂ ਦੇ ਨਾਮ ਤੇ ਝੁੱਕ ਰਹੇ ਹਾਂ,
ਉਹਦੇ ਪੈਰਾਂ ਤੇ ਮੂੰਹ ਭਾਰ ਡਿੱਗਦੇ ਹਾਂ,
ਸਵਰਗ ਵਿੱਚ ਰਾਜਿਆਂ ਦਾ ਰਾਜਾ ਅਸੀਂ ਉਸਨੂੰ ਤਾਜ ਪਹਿਣਾਵਾਂਗੇ,
ਜਦੋਂ ਸਾਡਾ ਸਫ਼ਰ ਪੂਰਾ ਹੋ ਜਾਵੇਗਾ।

ਅਨਮੋਲ ਨਾਮ, (ਅਨਮੋਲ ਨਾਮ!) ਓ ਕਿੰਨਾ ਪਿਆਰਾ! (ਓ ਕਿੰਨਾ ਪਿਆਰਾ!)
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ;
ਬਹੁਮੁੱਲਾ ਨਾਮ, (ਬਹੁਮੁੱਲਾ ਨਾਮ!), ਔ ਕਿੰਨਾ ਮਿੱਠਾ!
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ।

ਬੱਸ ਇਸ ਤੁਕ ਨੂੰ ਸੁਣੋ:

ਯਿਸੂ ਦੇ ਨਾਮ ਤੇ ਝੁੱਕ ਰਹੇ ਹਾਂ,
ਜੋ ਹਰੇਕ ਫੰਦੇ ਤੋਂ ਢਾਲ ਵਰਗਾ ਹੈ;
ਜਦੋਂ ਤੁਹਾਡੇ ਆਲੇ-ਦੁਆਲੇ ਪਰਤਾਵੇ ਇਕੱਠੇ ਹੁੰਦੇ ਹਨ,
ਬੱਸ ਉਸ ਪਵਿੱਤਰ ਨਾਮ ਦੇ ਸਾਹ ਨੂੰ ਪ੍ਰਾਰਥਨਾ ਵਿੱਚ ਫੂਕ ਦਿਓ। (ਇਸ ਨਾਲ ਹੋ ਜਾਵੇਗਾ!)

ਬਹੁਮੁੱਲਾ ਨਾਮ, ਬਹੁਮੁੱਲਾ ਨਾਮ, ਔ ਕਿੰਨਾ ਮਿੱਠਾ! (ਔ ਕਿੰਨਾ ਮਿੱਠਾ!)
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ;
ਬਹੁਮੁੱਲਾ ਨਾਮ, (ਬਹੁਮੁੱਲਾ ਨਾਮ) ਔ ਕਿੰਨਾ ਮਿੱਠਾ!
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ।

ਹੁਣ ਮੈਂ ਇਹ ਸਭਾ ਪਾਸਟਰ, ਭਾਈ ਨੇਵਿਲ, ਨੂੰ ਸੌਂਪਦਾ ਹਾਂ, ਤਾਂ ਜੋ ਉਹ ਆਪਣੇ ਸਮਾਪਤੀ ਦੇ ਸ਼ਬਦ ਅਤੇ ਜੋ ਕੁਝ ਉਹ ਕਹਿਣਾ ਚਾਹੁੰਦੇ ਹਨ, ਕਹਿ ਸਕਣ।

61-0730E ਜਿਬਰਾਏਲ ਦੀ ਦਾਨੀਏਲ
ਨਾਲ ਮੁਲਾਕਾਤ ਦਾ ਛੇ ਪੱਖੀ ਉਦੇਸ਼
ਬ੍ਰਾਨਹਾਮ ਟੇਬਰਨੇਕਲ
ਜੈਫਰਸਨਵਿਲੇ, ਇੰਡੀਆਨਾ ਸੰਯੁਕਤ ਰਾਜ ਅਮਰੀਕਾ

PUNJABI

©2026 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org